The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 12 No: 280 Website : www.punjabiakhbaar.ca Email: editor@punjabiakhbaar.ca Friday, 21 November 2025

A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

# ਫ਼ਿਰੌਤੀਆਂ ਮੰਗਣ ਵਾਲੇ ਇਹਨਾਂ ਲੋਕਾਂ ਨੂੰ ਫੜ੍ਹ ਕੇ ਜੇਲਾਂ ਵਿੱਚ ਸੁੱਟਣਾ ਚਾਹੀਦੈ - ਪੀਅਰੇ ਪੋਲੀਐਵ

## ਮਾਰਕ ਕਾਰਨੀ ਦਾ ਬਜਟ ਜਸਟਿਨ ਟਰੂਡੋ ਦੇ ਕਾਰਜਕਾਲ ਦੇ ਵਿੱਤੀ ਘਾਟੇ ਨਾਲੋਂ ਵੀ ਕਿਤੇ ਅੱਗੇ ਲੰਘ ਗਿਆ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਐਵ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਘੱਟ ਗਿਣਤੀ ਲਿਬਰਲ ਸਰਕਾਰ ਉੱਪਰ ਸ਼ਬਦੀ ਹਮਲੇ ਕਰਦਿਆਂ ਆਖਿਆ ਹੈ ਕਿ ਮਾਰਕ ਕਾਰਨੀ ਦਾ ਬਜਟ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਦੇ ਵਿੱਤੀ ਘਾਟੇ ਨਾਲੋਂ ਵੀ ਕਿਤੇ ਅੱਗੇ ਲੰਘ ਗਿਆ ਹੈ। ਇਹ ਬਜਟ ਘਾਟਾ 78 ਬਿਲੀਅਨ ਤੋਂ ਜਿਆਦਾ ਹੋ ਗਿਆ ਹੈ ਜਿਸ ਦਾ ਅਸਰ ਕੈਨੇਡਾ ਦੇ ਲੋਕਾਂ ਉੱਪਰ ਪਵੇਗਾ। ਪੀਅਰੇ ਪੋਲੀਐਵ ਵੱਲੋਂ ਇਹ ਬਿਆਨ ਕੈਲਗਰੀ ਦੇ ਨੌਰਥ ਈਸਟ ਦੇ 108 ਐਵੇਨਿਊ 'ਤੇ ਸੁੰਦਰ ਬਿਲਡਿੰਗ ਸਪਲਾਈ ਵੱਲੋਂ ਕਰਵਾਏ ਗਏ ਮੀਟ ਐਂਡ ਗਰੀਟ ਪ੍ਰੋਗਰਾਮ ਵਿੱਚ ਸੰਬੋਧਨ ਕਰਦਿਆਂ ਦਿੱਤਾ ਗਿਆ। ਇਸ ਦੇ ਨਾਲ ਹੀ ਉਹਨਾਂ ਨੇ ਲਿਬਰਲ ਸਰਕਾਰ ਦੁਆਰਾ ਲਗਾਏ ਗਏ ਇੰਡਸਟਰੀਅਲ ਕਾਰਬਨ ਟੈਕਸ ਨੂੰ ਵਾਪਸ ਨਾ ਲਏ ਜਾਣ ਦੀ ਵੀ ਤਿੱਖੀ ਨਿਖੇਧੀ ਕੀਤੀ ਅਤੇ ਆਖਿਆ ਕਿ ਇਸ ਵਕਤ ਸੁੰਦਰ ਬਿਲਡਿੰਗ ਸਪਲਾਈ ਦੀ ਇਸ ਫੈਸਿਲਿਟੀ ਵਿੱਚ ਜੋ ਵੀ ਉਸਾਰੀ ਲਈ ਲੋੜੀਂਦਾ ਸਮਾਨ ਪਿਆ ਹੈ ਉਸ ਉਪਰ ਇਸ ਕਾਰਬਨ ਟੈਕਸ ਦਾ ਡੂੰਘਾ ਅਸਰ ਪੈਂਦਾ ਹੈ ਜਿਸ ਨਾਲ ਉਸਾਰੀ ਦਾ ਕੰਮ ਮਹਿੰਗਾ ਹੋ ਰਿਹਾ ਹੈ । ਇਸ ਮੌਕੇ ਵਿਸ਼ੇਸ਼ ਤੌਰ 'ਤੇ ਉਹਨਾਂ ਨੇ ਸਾਊਥ ਏਸ਼ੀਅਨ ਤੇ ਖਾਸ ਕਰਕੇ ਪੰਜਾਬੀ ਭਾਈਚਾਰੇ ਦੇ ਬਿਜਿਨਸ ਅਦਾਰਿਆਂ ਨੂੰ ਲਾਰੈਂਸ ਬਿਸ਼ਨੋਈ ਅਤੇ ਉਸ ਵਰਗੇ ਹੋਰਨਾ ਅਪਰਾਧੀਆਂ ਵੱਲੋਂ ਫਿਰੌਤੀਆਂ ਵਾਸਤੇ ਦਿੱਤੀਆਂ ਜਾ ਰਹੀਆਂ ਧਮਕੀਆਂ, ਚਲਾਈਆਂ ਜਾ ਰਹੀਆਂ ਗੋਲੀਆਂ ਅਤੇ ਕੀਤੀਆਂ ਜਾ ਰਹੀਆਂ ਹੱਤਿਆਵਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ। ਉਹਨਾਂ ਆਖਿਆ ਕਿ ਫ਼ਿਰੌਤੀਆਂ ਮੰਗਣ ਵਾਲੇ ਇਹਨਾਂ ਲੋਕਾਂ ਨੂੰ ਫੜ੍ਹ ਕੇ ਜੇਲਾਂ ਵਿੱਚ ਸੁੱਟਣਾ ਚਾਹੀਦਾ ਹੈ ਤੇ ਉਥੋਂ ਇਹਨਾਂ ਨੂੰ ਬਾਹਰ ਨਹੀਂ ਆਉਣ ਦੇਣਾ ਚਾਹੀਦਾ। ਇਸ ਦੇ ਨਾਲ ਹੀ ਉਹਨਾਂ ਨੇ ਆਖਿਆ ਕਿ ਅਜਿਹੇ ਲੋਕ ਜੋ ਫਿਰੌਤੀਆਂ ਮੰਗਣ ਵਰਗੇ ਖ਼ਤਰਨਾਕ ਅਪਰਾਧਾਂ ਵਿੱਚ ਸ਼ਾਮਿਲ ਹਨ ਉਨਾਂ ਨੂੰ ਕੈਨੇਡਾ ਵਿੱਚ ਦਾਖਿਲ ਹੋਣ ਤੋਂ ਪੱਕੇ ਤੌਰ 'ਤੇ ਰੋਕਣ ਦੀ ਲੋੜ ਹੈ। ਉਹਨਾਂ ਆਖਿਆ ਕਿ ਜਦੋਂ ਕਿਸੇ ਨੂੰ ਕੋਈ ਧਮਕੀ ਮਿਲਦੀ ਹੈ ਤਾਂ ਉਹ ਦੇਸ਼ ਦੇ ਨਿਜ਼ਾਮ ਉੱਪਰ ਕਈ ਤਰ੍ਹਾਂ ਦੇ ਸਵਾਲ ਖੜੇ ਕਰ ਦਿੰਦੀ ਹੈ। ਪੀਅਰੇ ਪੋਲੀਐਵ ਨੇ ਆਖਿਆ ਕਿ ਕੈਨੇਡਾ ਵਿੱਚ ਰਹਿੰਦੇ ਹਰੇਕ ਬਸ਼ਿੰਦੇ ਨੂੰ ਬਰਾਬਰ ਦੀ ਸੁਰੱਖਿਆ ਮਹਿਸੂਸ ਹੋਣੀ ਚਾਹੀਦੀ ਹੈ। ਉਹ ਭਾਵੇਂ ਚੈਂਗ ਹੋਵੇ ਜਾਂ ਚਾਰਲਸ , ਮਾਰਕ ਹੋਵੇ ਜਾਂ ਮੁਹੰਮਦ,ਸਮਿਥ ਹੋਵੇ ਜਾਂ ਸਿੰਘ ਤੇ ਜਾਂ ਫਿਰ ਪੋਲੀਐਵ ਹੋਵੇ ਜਾਂ ਪਟੇਲ। ਇਸ ਮੌਕੇ 'ਤੇ ਕੈਲਗਰੀ ਤੋਂ ਪੰਜਾਬੀ ਭਾਈਚਾਰੇ ਦੇ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ,ਅਮਨਪ੍ਰੀਤ ਗਿੱਲ ਅਤੇ ਦਲਵਿੰਦਰ ਗਿੱਲ ਤੋਂ ਇਲਾਵਾ ਸ਼ਹਿਰ ਦੇ ਬਹੁਤ ਸਾਰੇ ਪਤਵੰਤੇ,ਬਿਜਨਸਮੈਨ ਅਤੇ ਕੰਸਟਰਕਸ਼ਨ ਦੇ ਕਾਰੋਬਾਰ ਨਾਲ ਜੁੜੇ ਲੋਕ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਬੇਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
• Closets • Wet Bars • Book Shelving • Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

# ਪੱਤਝੜ ਵਿੱਚ ਬੱਚਤਾਂ




**ਆਪਣੇ ਨਵੇਂ ਘਰ ਉੱਪਰ $20,000 ਤੱਕ ਦੀ ਬੱਚਤ ਕਰੋ!**





## ਆਪਣੇ ਸੁਪਨਿਆਂ ਦਾ ਘਰ, ਸਕੂਲ, ਨਿੱਤ ਦੇ ਵਿਓਹਾਰ, ਜਾਂ ਆਪਣੇ ਭਾਈਚਾਰੇ ਨੂੰ ਬਦਲੇ ਬਿਨਾਂ ਹੀ ਲੱਭੋ।

ਤੁਸੀਂ ਆਪਣੇ ਆਂਢ-ਗੁਆਂਢ ਨੂੰ ਪਿਆਰ ਕਰਦੇ ਹੋ। ਸਕੂਲ ਬਹੁਤ ਵਧੀਆ ਹਨ, ਤੁਹਾਡੇ ਗੁਆਂਢੀ ਦੋਸਤ ਹਨ,ਅਤੇ ਤੁਹਾਡੀ ਰੋਜ਼ਾਨਾ ਜਿੰਦਗੀ ਕੰਮ ਦੀ ਤਰਾਂ ਲੰਘ ਰਹੀ ਹੈ। ਪਰ ਤੁਹਾਡਾ ਮੌਜੂਦਾ ਘਰ? ਇਹ ਥੋੜ੍ਹਾ ਤੰਗ ਮਹਿਸੂਸ ਹੋਣ ਲੱਗਾ ਹੈ।

ਆਪਣੇ ਮੌਜੂਦਾ ਆਂਢ-ਗੁਆਂਢ ਤੋਂ ਬਾਹਰ ਜਾਣ ਤੋਂ ਬਿਨਾਂ ਹੀ ਹੁਣ ਤੁਸੀਂ ਵੱਡੇ ਘਰ ਵਿੱਚ ਜਾ ਸਕਦੇ ਹੋ



**Single Family Homes From The High $600's**
**ਹੁਣੇ ਮੂਵ ਹੋਣ ਲਈ ਘਰ ਤਿਆਰ ਹਨ**

3 ਜਾਂ 4 ਬੈੱਡਰੂਮ+ਬੋਨਸ ਰੂਮ+ਆਫਿਸ, 3 ਬਾਥਰੂਮ
2,068 ਤੋਂ 2,724 ਵਰਗ ਫੁੱਟ ਮੇਨ ਲਿਵਿੰਗ ਏਰੀਆ
ਕਾਨੂੰਨੀ ਆਮਦਨ ਸੂਟ ਵਿਕਲਪਾਂ ਦੇ ਨਾਲ
ਫਰੰਟ ਅਟੈਚਡ ਡਬਲ ਗੈਰਾਜ

- ਹਰੇ ਭਰੇ ਰਸਤੇ 'ਤੇ ਪਿੱਛੇ
- ਸਪਾ-ਪ੍ਰੇਰਿਤ ਐਨਸੂਇਟ ਦੇ ਨਾਲ ਪ੍ਰਾਇਮਰੀ ਬੈੱਡਰੂਮ ਵਿੱਚ ਵਾਲਟਡ ਛੱਤ
- ਸੈਕੰਡਰੀ ਬੈੱਡਰੂਮਾਂ ਲਈ ਵਿਕਲਪਿਕ ਪ੍ਰਾਈਵੇਟ ਐਨਸੂਇਟ
- ਗ੍ਰੈਂਡ ਫੋਅਰ, ਵਾਕ-ਇਨ ਪੈਂਟਰੀ, ਅਤੇ ਵੱਖਰਾ ਮਡਰੂਮ
- ਬਹੁ-ਪੀੜ੍ਹੀ ਰਹਿਣ-ਸਹਿਣ ਜਾਂ ਕਿਰਾਏ ਦੀ ਆਮਦਨ ਲਈ ਆਦਰਸ਼

**TOUR OUR SHOWHOME**
132 Copperhead Road SE.,Calgary T2Z 5H6
Tel: 587.674.3438
**COPPERSTONELIVING.COM**

Showhome now open:
Monday - Wednesday: 2 - 8 PM
Thursday & Friday: Closed
Saturday/Sunday: 12 - 5 PM

VESTA PROPERTIES
Built by Vesta – Over 7,000 homes delivered across Alberta and BC.

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000


ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 280 Website : www.punjabiakhbaar.ca Email: editor@punjabiakhbaar.ca Friday, 21 November 2025

# ਬੱਜਟ ਦੀ ਠਿੱਬੀ ਤੋਂ ਔਕੁੜੀ ਕੈਨੇਡਾ ਸਰਕਾਰ ਬੱਜਟ ਦੇ ਹੱਕ ਵਿੱਚ ਔਖੀ ਸੌਖੀ 170 ਵੋਟਾਂ ਲੈਕੇ ਮਸਾਂ ਈ ਬਚੀ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਘੱਟ ਗਿਣਤੀ ਸਰਕਾਰ ਵੱਲੋਂ ਪੇਸ਼ ਕੀਤੇ ਗਏ 78 ਬਿਲੀਅਨ ਡਾਲਰ ਤੋਂ ਵੱਧ ਦੇ ਘਾਟੇ ਵਾਲੇ ਬਜਟ ਉੱਪਰ ਪਈ ਭਰੋਸੇ ਦੀ ਵੋਟ ਵਿੱਚ ਤੀਜੀ ਵਾਰ ਵੀ ਭਾਵੇਂ ਥੋੜੇ ਹੀ ਅੰਤਰ ਨਾਲ ਸਹੀ ਲਿਬਰਲ ਸਰਕਾਰ ਜਿੱਤ ਕੇ ਬਾਹਰ ਨਿਕਲੀ ਹੈ। ਇਸ ਬਜਟ ਦੇ ਹੱਕ ਵਿੱਚ 170 ਜਦੋਂ ਕਿ ਵਿਰੋਧ ਵਿੱਚ 168 ਵੋਟਾਂ ਪਈਆਂ। ਵਰਨਣਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਅਤੇ ਬਲਾਕ ਕਿਊਬਿਕਵਾ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਉਹ ਇਸ ਬਜਟ ਦੇ ਵਿਰੋਧ ਵਿੱਚ ਵੋਟਾਂ ਪਾਉਣਗੇ ਅਤੇ ਇਸਦਾ ਮਤਲਬ ਸੀ ਕਿ ਜੇਕਰ ਲਿਬਰਲ ਪਾਰਟੀ ਦੇ 169 ਐਮ ਪੀ ਬਜਟ ਦੇ ਹੱਕ ਵਿੱਚ ਵੋਟਾਂ ਪਾਉਂਦੇ ਤਾਂ ਮਾਰਕ ਕਾਰਨੀ ਦੀ ਸਰਕਾਰ ਨੂੰ ਜਾਂ ਤਾਂ ਵਿਰੋਧੀ ਧਿਰਾਂ ਦੇ ਦੋ ਹੋਰ ਮੈਂਬਰ ਪਾਰਲੀਮੈਂਟਾਂ ਦੀਆਂ ਵੋਟਾਂ ਚਾਹੀਦੀਆਂ ਸਨ ਤੇ ਜਾਂ ਫਿਰ ਇਹ ਹੁੰਦਾ ਕਿ ਚਾਰ ਵਿਰੋਧੀ ਐਮ ਪੀ ਭਰੋਸੇ ਦੀ ਵੋਟ ਮੌਕੇ ਹਾਊਸ ਵਿੱਚੋਂ ਗੈਰ ਹਾਜ਼ਰ ਰਹਿੰਦੇ । ਬੀਤੇ ਸੋਮਵਾਰ 17 ਨਵੰਬਰ 2025 ਵਾਲੇ ਦਿਨ ਸਵੇਰ ਵੇਲੇ ਗ੍ਰੀਨ ਪਾਰਟੀ ਦੀ ਲੀਡਰ ਐਲਜ਼ਾਬੈਥ ਮੇਅ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਸੀ ਕਿ ਉਹ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਪੈਰਿਸ ਜਲਵਾਯੂ ਸਮਝੌਤੇ ਉੱਪਰ ਅੱਗੇ ਵਧਣ ਦੇ ਦਿੱਤੇ ਗਏ ਭਰੋਸੇ ਦੇ ਮਗਰੋਂ ਬਜਟ ਦੇ ਹੱਕ ਵਿੱਚ ਵੋਟ ਪਾਉਣਗੇ। ਐਲਜ਼ਾਬੈਥ ਮੇਅ ਨੇ ਅੱਗੇ ਆਖਿਆ ਸੀ ਕਿ ਨਾ ਸਿਰਫ ਉਹਨਾਂ ਦੇ ਹਲਕੇ ਦੇ ਵੋਟਰ ਬਲਕਿ ਪੂਰੇ ਕੈਨੇਡਾ ਦੇ ਲੋਕ ਵੀ ਇਹੀ ਚਾਹੁੰਦੇ ਸਨ ਕਿ ਇੰਨੀ ਜਲਦੀ ਚੋਣਾਂ ਨਾ ਹੋਣ। ਬਲਾਕ ਕਿਊਬਕਵਾ ਦੇ ਲੀਡਰ ਈਵ ਫਰਾਂਸਵਾ ਬਲੈਂਸ਼ੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹਨਾਂ ਨੇ ਸਪਸ਼ਟ ਤੌਰ ਤੇ ਆਪਣੀ ਕਾਕਸ ਦੇ ਸਾਰੇ ਮੈਂਬਰਾਂ ਨੂੰ ਨਿਰਦੇਸ਼ ਜਾਰੀ ਕੀਤੇ ਸਨ ਕਿ ਹਰੇਕ ਮੈਂਬਰ ਬਜਟ ਦੇ ਵਿਰੋਧ ਵਿੱਚ ਵੋਟ ਪਾਵੇ ਕਿਉਂਕਿ ਉਹਨਾਂ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਇਹ ਬਜਟ ਪੂਰੀਆਂ ਨਹੀਂ ਕਰਦਾ । ਪਰ ਇਸ ਇਮਤਿਹਾਨ ਵਿੱਚੋਂ ਪਾਸ ਹੋਣ ਤੋਂ ਬਾਅਦ ਵਿੱਤ ਮੰਤਰੀ ਫਰਾਂਸਵਾ ਫਿਲਿਪ ਸ਼ੈਂਪੇਨ ਹੁਣ ਇਸ ਉੱਪਰ ਅਗਲੀ ਕਾਰਵਾਈ ਵਾਸਤੇ ਸਮਰੱਥ ਹੋ ਗਏ ਹਨ, ਯਾਨੀ ਕਿ ਹੁਣ ਉਹਨਾਂ ਵੱਲੋਂ ਬਜਟ ਨੂੰ ਲਾਗੂ ਕਰਨ ਵਾਲਾ ਬਿੱਲ ਪੇਸ਼ ਕੀਤਾ ਜਾਵੇਗਾ। ਇੱਥੇ ਇਹ ਵੀ ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਮਾਰਕਕਾਰਨੀ ਨੇ ਉਸ ਦਿਨ ਬਜਟ ਉੱਪਰ ਬਹਿਸ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਸੀ ਕਿ ਪਿਛਲੇ ਹਫਤੇ ਉਹ ਪੂਰੇ ਕੈਨੇਡਾ ਵਿੱਚ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕਰਕੇ ਆਏ ਹਨ ਅਤੇ ਉਹਨਾਂ ਦਾ ਵਿਸ਼ਵਾਸ ਹੈ ਕਿ ਕੈਨੇਡਾ ਦੇ ਲੋਕ ਆਪਣੇ ਦੇਸ਼ ਵਿੱਚ ਨਿਵੇਸ਼ ਨੂੰ ਤਰਜੀਹ ਦਿੰਦੇ ਹਨ ਅਤੇ ਇਹ ਹੁਣ ਪਾਰਲੀਮੈਂਟ ਮੈਂਬਰਾਂ ਦੇ ਸਾਹਮਣੇ ਇੱਕ ਵੱਡਾ ਮੌਕਾ ਹੈ ਕਿ ਅਸੀਂ ਇਸ ਬਜਟ ਨੂੰ ਪਾਸ ਕਰਕੇ ਮਜਬੂਤ ਰਾਸ਼ਟਰ ਦਾ ਨਿਰਮਾਣ ਕਰੀਏ।ਜ਼ਿਕਰਯੋਗ ਹੈ ਕਿ ਇਸ ਬੱਜਟ ਸ਼ੈਸ਼ਨ ਵਿੱਚ 2 ਐਨ ਡੀ ਪੀ ਅਤੇ 2 ਹੀ ਕੰਜ਼ਰਵੇਟਿਵ ਦੇ ਮੈਂਬਰ ਪਾਰਲੀਮੈਂਟ ਗੈਰ ਹਾਜ਼ਿਰ ਰਹੇ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਅਤੇ ਰੀਮੈਂਬਰਸ ਡੇਅ ਮਨਾਉਂਦਿਆਂ ਨਵੰਬਰ 84 ਦੇ ਕਤਲੇਆਮ ਬਾਰੇ ਕੈਲਗਰੀ ਦੀਆਂ ਬੀਬੀਆਂ ਨੇ ਹਾਅ ਦਾ ਨਾਹਰਾ ਮਾਰਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 16 ਨਵੰਬਰ ਦਿਨ ਐਤਵਾਰ ਨੂੰ ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਜੈਨੇਸਸ ਸੈਂਟਰ ਵਿਖੇ ਭਰਵੀਂ ਹਾਜ਼ਰੀ ਵਿੱਚ ਹੋਈ। ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਸਭਾ ਦੀ ਮੈਂਬਰ ਇਕਬਾਲ ਕੌਰ ਜੀ ਦੇ ਜਵਾਈ ਦੀ ਬੇਵਕਤੀ ਮੌਤ ਤੇ ਸ਼ੋਕ ਮਤਾ ਪੇਸ਼ ਕੀਤਾ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਇਸ ਮਹੀਨੇ ਦੇ ਪ੍ਰਮੁੱਖ ਦਿਹਾੜਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਗੁਰੂ ਨਾਨਕ ਜੀ ਦੇ ਪ੍ਰਕਾਸ਼, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਬਾਬਾ ਦੀਪ ਸਿੰਘ ਦੀ ਲਾਸਾਨੀ ਸ਼ਹਾਦਤ, ਨਵੰਬਰ 84 ਵਿੱਚ ਦੇਸ਼ ਭਰ ਵਿੱਚ ਸਿੱਖਾਂ ਦੇ ਹੋਏ ਘਾਣ ਬਾਰੇ ਅਤੇ ਰਿਮੈਂਬਰਸ ਡੇ ਬਾਰੇ ਸੰਖੇਪ ਜਾਣਕਾਰੀ ਦਿੱਤੀ। ਬਲਵਿੰਦਰ ਕੌਰ ਬਰਾੜ ਜੀ ਨੇ ਕਨੇਡਾ ਦੀ ਆਰਮੀ ਵੱਲੋਂ ਲੜੇ ਸਿੱਖ ਸ਼ਹੀਦ ਬੁੱਕਮ ਸਿੰਘ ਬਾਰੇ ਦੱਸਿਆ। ਜਿਸ ਦੀ ਸਮਾਧ ਕਿਚਨਰ ਨੇੜੇ ਹੈ ਅਤੇ ਕਨੇਡਾ ਪੋਸਟ ਵਲੋਂ ਉਸ ਦੀ ਯਾਦ ਵਿੱਚ ਟਿਕਟ ਵੀ ਜਾਰੀ ਕੀਤੀ ਗਈ ਹੈ। ਨਵੀਆਂ ਹਾਜ਼ਰ ਹੋਈਆਂ ਭੈਣਾਂ ਬਲਵਿੰਦਰ ਕੌਰ,ਮੀਨਾ ਲਾਲੀ ਹਰਜੀਤ ਕੌਰ ਸੰਧੂ ਅਤੇ ਮਨਦੀਪ ਕੌਰ ਸੰਘਾ ਨਾਲ ਜਾਣ ਪਛਾਣ ਕਰਵਾਈ। ਯੋਗਾ ਟੀਚਰ ਰਸ਼ਪਾਲ ਕੌਰ ਨੇ ਆਤਮਿਕ ਅਤੇ ਸਰੀਰਕ ਤੰਦਰੁਸਤੀ ਲਈ ਯੋਗਾ ਨੂੰ ਜ਼ਰੂਰੀ ਦੱਸਿਆ ਅਤੇ ਕਸਰਤਾਂ ਵੀ ਕਰਵਾਈਆਂ ਅਤੇ ਭੈਣਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਡਾਕਟਰ ਸਿੰਮੀ ਸੰਧਾਵਾਲੀਆ ਨੇ ਹੱਡੀਆਂ ਨਾਲ ਸਬੰਧਤ ਬਿਮਾਰੀਆਂ, ਵਿਸ਼ੇਸ਼ ਤੌਰ ਤੇ ਹੱਡੀਆਂ ਵਿੱਚ ਸੁਰਾਖ਼ ਹੋ ਜਾਣ ਦੇ ਕਾਰਨ, ਨਿਸ਼ਾਨੀਆਂ, ਪਰਹੇਜ਼ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਅਤੇ ਭੈਣਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ। ਡਾਕਟਰ ਸਿੰਮੀ ਨੇ ਸਭਾ ਲਈ ਇੱਕ ਮਾਇਕ ਦਾਨ ਕਰਨ ਦਾ ਐਲਾਨ ਵੀ ਕੀਤਾ। ਮੁਖਤਿਆਰ ਕੌਰ ਅਤੇ ਸੁਰਿੰਦਰ ਕੌਰ ਵਿਰਦੀ ਨੇ ਨਵੰਬਰ 84 ਦੇ ਹੱਡੀਂ ਹੰਢਾਏ ਦਰਦ ਨੂੰ ਬਿਆਨ ਕੀਤਾ। ਕਿਰਨ ਕਲਸੀ ਨੇ ਕਨੇਡਾ ਦੇ ਮੂਲ ਨਿਵਾਸੀਆਂ ਨੂੰ ਯਾਦ ਕਰਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਤਸੀਹੇ ਦੇ ਕੇ ਇਸ ਧਰਤੀ ਤੇ ਕਬਜ਼ਾ ਕੀਤਾ। ਰਜਿੰਦਰ ਕੌਰ ਚੋਹਕਾ ਜੀ ਨੇ ਦੱਸਿਆ ਕਿ 16 ਨਵੰਬਰ ਵਾਲੇ ਦਿਨ ਕਰਤਾਰ ਸਿੰਘ ਸਰਾਭਾ ਜੀ ਨੂੰ ਸਿਰਫ਼ 19 ਸਾਲ ਦੀ ਉਮਰ ਵਿੱਚ ਫਾਂਸੀ ਦੇ ਕੇ ਸ਼ਹੀਦ ਕੀਤਾ। ਉਨ੍ਹਾਂ ਨੇ ਗਦਰੀ ਸੰਗਰਾਮਣ ਬੀਬੀ ਗੁਲਾਬ ਕੌਰ ਦੀ ਕੁਰਬਾਨੀ ਬਾਰੇ ਜਾਣਕਾਰੀ ਦਿੱਤੀ। ਗੁਰਤੇਜ ਕੌਰ ਸਿੱਧੂ ਜੀ ਨੇ ਲੰਮੇ ਸਮੇਂ ਦੀ ਬਿਮਾਰੀ ਤੋਂ ਬਾਦ ਹਾਜ਼ਰੀ ਭਰੀ ਅਤੇ ਭੈਣਾਂ ਦਾ ਧੰਨਵਾਦ ਕੀਤਾ। ਗੁਰਦੀਸ਼ ਕੌਰ ਗਰੇਵਾਲ ਨੇ ਛੇੜ ਮਰਦਾਨਿਆਂ ਰਬਾਬ ਕਵਿਤਾ ਤਰੰਨਮ ਵਿੱਚ ਸੁਣਾਈ।ਸੁਰਿੰਦਰ ਕੌਰ ਸੰਧੂ, ਗੁਰਜੀਤ ਕੌਰ ਬੈਦਵਾਣ, ਸਤਵਿੰਦਰ ਫਰਵਾਹਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਸਮਰਪਿਤ ਕਵਿਤਾਵਾਂ ਸੁਣਾਈਆਂ। ਜਸਮਿੰਦਰ ਕੌਰ ਬਰਾੜ ਨੇ ਗੁਰੂ ਤੇਗ ਬਹਾਦਰ ਜੀ ਦੇ ਨਾਲ ਸ਼ਹੀਦ ਹੋਣ ਵਾਲੇ ਸਿੱਖਾਂ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਬਾਰੇ ਕਵਿਤਾ ਸੁਣਾਈ। ਬਲਵੀਰ ਕੌਰ ਗਰੇਵਾਲ ਨੇ ਅਸੀਂ ਕਿਉਂ ਪ੍ਰਦੇਸੀ ਹੋਏ, ਗੀਤ ਸੁਣਾ ਕੇ ਸਾਰਿਆਂ ਨੂੰ ਭਾਵਕ ਕਰ ਦਿੱਤਾ। ਸਰਬਜੀਤ ਉਪੱਲ ਜੀ ਨੇ ਤੇਰਾ ਸ਼ੁਕਰੀਆ,ਹਿੰਦੀ ਕਵਿਤਾ ਸੁਣਾਈ। ਮਨਦੀਪ ਕੌਰ ਸੰਘਾ, ਅਮਰਜੀਤ ਗਰੇਵਾਲ ਅਤੇ ਗੁਰਨਾਮ ਕੌਰ ਨੇ ਲੰਮੀਂ ਹੇਕ ਦੇ ਗੀਤ ਸੁਣਾਏ। ਅਖੀਰ ਵਿੱਚ ਬੀਬੀਆਂ ਨੇ ਬੋਲੀਆਂ ਪਾਕੇ ਗਿੱਧਾ ਵੀ ਪਾਇਆ। ਪੰਜਾਬੀਆਂ ਦਾ ਮਨਪਸੰਦ ਖਾਣਾ ਸਾਗ ਅਤੇ ਮੱਕੀ ਦੀਆਂ ਰੋਟੀਆਂ ਵਰਤਾਈਆਂ ਨਾਲ ਲੱਡੂ ਅਤੇ ਗੁਲਾਬ ਜਾਮਣਾਂ ਵੀ ਦਿਤੀਆਂ।ਅਖੀਰ ਵਿਚ ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਸਾਰੀਆਂ ਭੈਣਾਂ ਦਾ ਧੰਨਵਾਦ ਕੀਤਾ।

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

## ਸ਼ੇਖ਼ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ

ਬੰਗਲਾਦੇਸ਼ (ਪੰਜਾਬੀ ਅਖਬਾਰ ਬਿਊਰੋ)- ਬੰਗਲਾਦੇਸ਼ ਦੀ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ (78) ਅਤੇ ਸਾਬਕਾ ਗ੍ਰਹਿ ਮੰਤਰੀ ਅਸਦਉਜ਼ਮਾਨ ਖ਼ਾਨ ਕਮਾਲ ਨੂੰ 'ਮਾਨਵਤਾ ਖ਼ਿਲਾਫ਼ ਅਪਰਾਧਾਂ' ਦਾ ਦੋਸ਼ੀ ਠਹਿਰਾਉਂਦਿਆਂ ਇਕ ਵਿਸ਼ੇਸ਼ ਟ੍ਰਿਬਿਊਨਲ ਨੇ ਉਨ੍ਹਾਂ ਦੀ ਗ਼ੈਰ-ਹਾਜ਼ਰੀ 'ਚ ਮੌਤ ਦੀ ਸਜ਼ਾ ਸੁਣਾਈ ਹੈ। ਇਹ ਫ਼ੈਸਲਾ ਬੰਗਲਾਦੇਸ਼ 'ਚ ਸੰਸਦੀ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਆਇਆ ਹੈ। ਪਿਛਲੇ ਸਾਲ ਜੁਲਾਈ 'ਚ ਹਸੀਨਾ ਦੀ ਸਰਕਾਰ ਖ਼ਿਲਾਫ਼ ਵਿਦਿਆਰਥੀਆਂ ਦੀ ਅਗਵਾਈ ਹੇਠ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਜ਼ੁਲਮ ਢਾਹੁਣ ਦੇ ਦੋਸ਼ ਲਾਏ ਗਏ ਹਨ। ਉਨ੍ਹਾਂ ਕਿਹਾ, "ਉਹ ਪੱਖਪਾਤੀ ਅਤੇ ਸਿਆਸਤ ਤੋਂ ਪ੍ਰੇਰਿਤ ਹਨ। ਮੌਤ ਦੀ ਸਜ਼ਾ ਦੀ ਆਪਣੀ ਮੰਗ 'ਚ ਉਹ ਅੰਤਰਿਮ ਸਰਕਾਰ ਅੰਦਰ ਕੱਟੜਵਾਦੀ ਲੋਕਾਂ ਦੇ ਬੇਸ਼ਰਮ ਅਤੇ ਜਾਨਲੇਵਾ ਇਰਾਦਿਆਂ ਨੂੰ ਉਜਾਗਰ ਕਰਦੇ ਹਨ ਜੋ ਬੰਗਲਾਦੇਸ਼ ਦੀ ਆਖਰੀ ਚੁਣੀ ਹੋਈ ਪ੍ਰਧਾਨ ਮੰਤਰੀ ਨੂੰ ਹਟਾ ਕੇ ਅਵਾਮੀ ਲੀਗ ਨੂੰ ਸਿਆਸੀ ਤਾਕਤ ਵਜੋਂ ਖ਼ਤਮ ਕਰਨਾ ਚਾਹੁੰਦੇ ਹਨ।" ਉਨ੍ਹਾਂ ਅੰਤਰਿਮ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਦੋਸ਼ਾਂ ਨੂੰ ਹੇਗ ਸਥਿਤ ਕੌਮਾਂਤਰੀ ਅਪਰਾਧ ਅਦਾਲਤ 'ਚ ਪੇਸ਼ ਕਰਨ।



















# ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੂੰ ਮਿਲਿਆ 25 ਹਜਾਰ ਡਾਲਰ ਦਾ 'ਢਾਹਾਂ ਪੰਜਾਬੀ ਸਾਹਿਤ ਪੁਰਸਕਾਰ'

**ਮੁਦੱਸਰ ਬਸ਼ੀਰ ਅਤੇ ਭਗਵੰਤ ਰਸੂਲਪੁਰੀ ਨੂੰ ਮਿਲਿਆ 10-10 ਹਜਾਰ ਡਾਲਰ ਦਾ ਦੂਜਾ ਇਨਾਮ**




ਸਰੀ, (ਹਰਦਮ ਮਾਨ) ਪੰਜਾਬੀ ਸਾਹਿਤ ਦਾ ਸਭ ਤੋਂ ਮਹੱਤਵਪੂਰਨ ਅਤੇ ਸਭ ਤੋਂ ਵੱਡੀ ਇਨਾਮੀ ਰਕਮ ਵਾਲਾ ਢਾਹਾਂ ਪੰਜਾਬੀ ਸਾਹਿਤ ਪੁਰਸਕਾਰ 2025 ਇਸ ਵਾਰ ਪ੍ਰਸਿੱਧ ਲੇਖਕ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੂੰ ਦਿੱਤਾ ਗਿਆ ਹੈ। ਬੀਤੀ ਸ਼ਾਮ ਹੋਏ ਇਕ ਵਿਸ਼ੇਸ਼ ਸਮਾਗਮ ਦੌਰਾਨ ਸ੍ਰੀ ਪਰਵਾਨਾ ਨੂੰ 25,000 ਕੈਨੇਡੀਅਨ ਡਾਲਰ ਦਾ ਮੁੱਖ ਇਨਾਮ ਭੇਟ ਕਰਦੇ ਹੋਏ ਉਨ੍ਹਾਂ ਦੀ ਰਚਨਾ ਨੂੰ ਅੰਤਰਰਾਸ਼ਟਰੀ ਪਾਠਕ-ਵਰਗ ਤੱਕ ਇੱਕ ਨਵੀਂ ਪਹਿਚਾਣ ਪ੍ਰਦਾਨ ਕਰਵਾਈ ਗਈ ਹੈ। ਦੂਜਾ ਇਨਾਮ ਪਾਕਿਸਤਾਨ ਦੇ ਲਾਹੌਰ ਤੋਂ ਲੇਖਕ ਮੁਦੱਸਰ ਬਸ਼ੀਰ ਅਤੇ ਜਲੰਧਰ ਦੇ ਕਲਮਕਾਰ ਭਗਵੰਤ ਰਸੂਲਪੁਰੀ ਪ੍ਰਦਾਨ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਨਾਲ ਸਨਮਾਨਿਤ ਕੀਤਾ ਗਿਆ। ਬਸ਼ੀਰ ਨੂੰ ਉਨ੍ਹਾਂ ਦੇ ਨਾਵਲ 'ਗੋਇਲ' ਲਈ, ਜਦਕਿ ਰਸੂਲਪੁਰੀ ਨੂੰ ਉਨ੍ਹਾਂ ਦੇ ਚਰਚਿਤ ਕਹਾਣੀ-ਸੰਗ੍ਰਹਿ 'ਡਿਲਿਵਰੀ ਮੈਨ' ਲਈ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸਨਮਾਨ ਪ੍ਰਾਪਤ ਕਰਦੇ ਸਮੇਂ ਆਪਣੇ ਅਹਿਸਾਸ ਸਾਂਝੇ ਕਰਦੇ ਹੋਏ ਬਲਬੀਰ ਪਰਵਾਨਾ ਨੇ ਕਿਹਾ: ਇਹ ਪੁਰਸਕਾਰ ਮੇਰੇ ਲਈ ਸਿਰਫ਼ ਇੱਕ ਇਨਾਮ ਨਹੀਂ, ਸਗੋਂ ਮੇਰੇ ਨਾਵਲ ਲਈ ਨਵੇਂ ਪਾਠਕਾਂ ਦੀ ਦੁਨੀਆ ਦਾ ਦਰਵਾਜ਼ਾ ਹੈ। ਆਪਣੇ ਨਾਮ ਦਾ ਐਲਾਨ ਸੁਣ ਕੇ ਮੈਨੂੰ ਜੋ ਖ਼ੁਸ਼ੀ ਅਤੇ ਉਤਸ਼ਾਹ ਮਿਲਿਆ, ਉਹ ਸ਼ਬਦਾਂ ਵਿੱਚ ਸਮਾਉਣਾ ਮੁਸ਼ਕਿਲ ਹੈ। ਇਹ ਸਨਮਾਨ ਮੈਨੂੰ ਹੋਰ ਡੂੰਘਾਈ ਅਤੇ ਸਮਰਪਣ ਨਾਲ ਲਿਖਣ ਲਈ ਪ੍ਰੇਰਨਾ ਦਿੰਦਾ ਰਹੇਗਾ।

# ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਮਨਾਇਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਮਨਾਉਣ ਲਈ ਵੱਖੋ ਵੱਖ ਸੁਸਾਇਟੀਆਂ ਦੇ ਪ੍ਰਤੀਨਿਧ ਅਤੇ ਸੰਸਥਾ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਸ਼ੁਰੂਆਤ ਵਿੱਚ ਮੇਜਰ ਸਿੰਘ ਧਾਲੀਵਾਲ ਨੇ ਗੁਰੂ ਜੀ ਦੇ ਆਗਮਨ ਦਿਵਸ ਦੀ ਮੁਬਾਰਕਬਾਦ ਦਿੱਤੀ। ਉਹਨਾਂ ਸੰਸਥਾ ਦੇ ਜਰਨਲ ਸਕੱਤਰ ਦਰਸ਼ਨ ਸਿੰਘ ਔਲਖ ਨੂੰ ਸਟੇਜ ਦੀ ਜ਼ਿੰਮੇਵਾਰੀ ਚਲਾਉਣ ਲਈ ਬੇਨਤੀ ਕੀਤੀ। ਇਸ ਉਪਰੰਤ ਮਲਕੀਤ ਸਿੰਘ ਸਿੱਧੂ ਨੇ ਦੋ ਕਵਿਤਾਵਾਂ ਪੇਸ਼ ਕੀਤੀਆਂ। ਸੁਖਵਿੰਦਰ ਸਿੰਘ ਗਿੱਲ ਨੇ ਹਾਰਮੋਨੀਅਮ ਨਾਲ ਦੋ ਗੀਤ ਪੇਸ਼ ਕੀਤੇ। ਗੁਰਬਖਸ ਸਿੰਘ ਜੱਸਲ ਨੇ ਗੁਰੂ ਜੀ ਦੀਆਂ ਉਦਾਸੀਆਂ ਬਾਰੇ ਪ੍ਰੋਫੈਸਰ ਕਿਰਪਾਲ ਸਿੰਘ ਪੁੰਨੂ ਦੀ ਖੋਜ 'ਤੇ ਅਧਾਰਤ ਚਰਚਾ ਕੀਤੀ। ਗੁਰਮੇਲ ਸਿੰਘ ਸੰਧੂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮਾਂ ਤੇ ਭਗਤਾਂ ਦੇ ਸੰਤਾਂ ਦੀ ਬਾਣੀ ਦਰਜ ਹੈ। ਬਚਿੱਤਰ ਸਿੰਘ ਗਿੱਲ ਨੇ ਗੁਰੂ ਜੀ ਦੇ ਜੀਵਨ ਇਤਿਹਾਸ ਬਾਰੇ ਵਰਣਨ ਕੀਤਾ। ਉਹਨਾਂ ਅੰਧ ਵਿਸ਼ਵਾਸ ਧਾਰਮਿਕ ਪਾਖੰਡਾਂ ਅਤੇ ਸਮਾਜ ਵਿੱਚ ਫੈਲੀਆਂ ਕਰੀਤੀਆਂ ਦਾ ਜ਼ਿਕਰ ਗੁਰਬਾਣੀ ਵਿੱਚੋਂ ਹਵਾਲਾ ਦੇ ਕੇ ਕੀਤਾ ਕਿ ਕਿਵੇਂ ਗੁਰੂ ਜੀ ਨੇ ਇਹਨਾਂ ਤੋਂ ਬਚਣ ਦੀ ਪ੍ਰੇਰਨਾ ਸਾਨੂੰ ਦਿੱਤੀ ਸੀ। ਬਿੱਕਰ ਸਿੰਘ ਸੰਧੂ ਨੇ ਅਧਿਆਤਮਵਾਦ ਬਾਰੇ ਕੁੱਝ ਮਿਸਾਲਾਂ ਦੇ ਕੇ ਆਪਣੇ ਵਿਚਾਰ ਪੇਸ਼ ਕੀਤੇ। ਚਾਹ ਪਾਣੀ ਦਾ ਪਰਬੰਧ ਹਮੇਸਾਂ ਦੀ ਤਰਾਂ ਕਾਬਿਲੇਤਾਰੀਫ ਸੀ।

# ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਵਾਲਿਆਂ ਦਿਵਾਲੀ ਦਾ ਤਿਉਹਾਰ ਮਨਾਇਆ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 2 ਨਵੰਬਰ ਨੂੰ ਸਾਊਥ ਏਸ਼ੀਆ ਕਨੇਡੀਅਨ ਐਸੋਸੀਏਸ਼ਨ ਦੇ ਪ੍ਰਧਾਨ ਸੈਮ ਸਹੋਤਾ ਦੀ ਅਗਵਾਈ ਹੇਠ ਬੋਰਡ ਦੇ ਮੈਂਬਰਾਂ ਦੇ ਸਹਿਯੋਗ ਨਾਲ ਬੰਦੀ ਛੋੜ ਦਿਵਸ, ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਅਤੇ ਦਿਵਾਲੀ ਦਾ ਤਿਉਹਾਰ ਸਾਂਝੇ ਤੌਰ ਤੇ ਟੈਂਪਲ ਕਮਿਊਨਿਟੀ ਹਾਲ ਵਿੱਚ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਹਰਦੀਪ ਸਿੰਘ ਸਿੱਧੂ ਨੇ ਆਏ ਹੋਏ ਲੋਕਾਂ ਨੂੰ ਜੀ ਆਇਆ ਕਿਹਾ। ਪ੍ਰੋਗਰਾਮ ਦੀ ਆਰੰਭਤਾ ਕਨੇਡੀਅਨ ਰਾਸ਼ਟਰੀ ਗੀਤ, ਇੰਡੀਆ ਦਾ ਰਾਸ਼ਟਰੀ ਗੀਤ ਅਤੇ ਦੇਹਿ ਸ਼ਿਵਾ ਵਰ ਮੋਹਿ — ਸ਼ਬਦ ਦੇ ਗਾਉਣ ਨਾਲ ਕੀਤੀ ਗਈ। ਜਗਦੀਸ਼ ਕੌਰ ਸਰੋਆ, ਗੁਰਦੀਸ਼ ਕੌਰ ਗਰੇਵਾਲ, ਡਾਕਟਰ ਜੋਗਾ ਸਿੰਘ, ਜਸਵੰਤ ਸਿੰਘ ਸੇਖੋ, ਹਰਮਹਿੰਦਰ ਸਿੰਘ ਨੇ ਆਪੋ ਆਪਣੀਆਂ ਪੇਸ਼ਕਾਰੀਆਂ ਜ਼ਰੀਏ ਖ਼ੂਬ ਰੰਗ ਬੰਨਿਆ। ਮਾਸਟਰ ਬਚਿੱਤਰ ਸਿੰਘ ਗਿੱਲ ਦੀ ਕਵਿਸ਼ਰੀ ਨੇ ਆਪਣੀ ਵਿਲੱਖਣ ਹਾਜ਼ਰੀ ਲਗਵਾਈ। ਮਨਦੀਪ ਕੌਰ ਸੰਘਾ ਨੇ ਲੰਬੀ ਹੇਕ ਵਾਲਾ ਗੀਤ ਬੜੀ ਸੁਰੀਲੀ ਆਵਾਜ਼ ਵਿੱਚ ਗਾਇਆ। ਡਾਕਟਰ ਬਲਵਿੰਦਰ ਕੌਰ ਬਰਾੜ ਨੇ ਆਖਿਆ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਸੁਸਾਇਟੀਆਂ ਨੂੰ ਕਰਨੇ ਚਾਹੀਦੇ ਹਨ ਤਾਂ ਕਿ ਅਸੀਂ ਇਕੱਠੇ ਹੋ ਕੇ ਭਾਈਚਾਰਕ ਸਾਂਝ ਨੂੰ ਹੋਰ ਵਧਾ ਸਕੀਏ। ਐਮਐਲਏ ਇਰਫਾਨ ਸਾਬੀਰ, ਐਮਐਲਏ ਗੁਰਿੰਦਰ ਬਰਾੜ ਅਤੇ ਕੌਂਸਲਰ ਰਾਜ ਧਾਲੀਵਾਲ ਨੇ ਆਪਣੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕੀਤੇ। ਸਰਿੰਦਰ ਕੌਰ ਬੇਦੀ ਨੇ ਨਰਸਿੰਗ ਹੋਮ ਵਿੱਚ ਰਹਿ ਰਹੇ ਬਜ਼ੁਰਗਾਂ ਦੀ ਸੇਵਾ ਸੰਭਾਲ ਬਾਰੇ ਅਤੇ ਖਰਚਿਆਂ ਬਾਰੇ ਵਿਸਤਾਰ ਪੂਰਵਕ ਚਾਨਣਾ ਪਾਇਆ। ਨਿਮਰਤ ਗਰੇਵਾਲ, ਕਰਮਨ ਸਰਾਂ ਅਤੇ ਤਮੰਨਾ ਸੰਧੂ ਨੇ ਸੰਗੀਤਕ ਧੁਨਾਂ ਉੱਪਰ ਡਾਂਸ ਕੀਤਾ। ਗੁਰਤੇਜ ਕੌਰ ਸਿੱਧੂ ਦੀ ਗਿੱਧੇ ਦੀ ਟੀਮ ਨੇ ਪੂਰਾ ਰੰਗ ਬੰਨ ਦਿੱਤਾ। ਚਾਹ ਪਾਣੀ ਅਤੇ ਸ਼ਾਮ ਦੇ ਖਾਣੇ ਦਾ ਪੂਰਾ ਪ੍ਰਬੰਧ ਸੀ। ਕਮੇਟੀ ਮੈਂਬਰ ਮਹਿੰਦਰ ਸਿੰਘ ਮੁੰਡੀ, ਹਰਦੀਪ ਸਿੰਘ ਸਿੱਧੂ, ਜਸਵੰਤ ਸਿੰਘ ਸਿੱਧੂ, ਰਵਿੰਦਰ ਪਾਲ ਸਿੰਘ ਚਹਿਲ, ਜਗਜੀਤ ਸਿੰਘ ਸੋਹੀ, ਕੁਲਦੀਪ ਸਿੰਘ ਗਿੱਲ, ਦਲਵੀਰ ਕੌਰ ਕੰਗ, ਮਹਿੰਦਰ ਸਿੰਘ ਸੰਧੂ ਅਤੇ ਨਿਰਮਲ ਸਿੰਘ ਕੱਲਾ ਨੇ ਆਪਣੀ ਡਿਊਟੀ ਹਰ ਸਾਲ ਦੀ ਤਰ੍ਹਾਂ ਪੂਰੀ ਜਿੰਮੇਬਾਰੀ ਨਾਲ ਨਿਭਾਈ। ਗੁਰਮੇਲ ਸਿੰਘ ਸੰਧੂ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਇਸ ਸਮਾਗਮ ਵਿੱਚ ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਤੋਂ ਇਲਾਵਾ ਗਲੋਬਲ ਪ੍ਰਵਾਸੀ, ਕੈਲਗਰੀ ਬੋਮਨ ਕਲਚਰ ਸੋਸਾਇਟੀ, ਦਸਮੇਸ਼ ਕਲਚਰ ਸੀਨੀਅਰ ਸਿਟੀਜਨ ਸੁਸਾਇਟੀ, ਸ਼ਬਦ ਸਾਂਝ ਅਤੇ ਮਲਟੀ ਕਲਚਰ ਸੀਨੀਅਰ ਸੁਸਾਇਟੀ ਦੇ ਮੈਂਬਰ ਸਾਹਿਬਾਨ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ।

**ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ**

App Store | Play Store

# ਏਕ ਨੂਰ ਸੁਖਮਨੀ ਸਾਹਿਬ ਸੁਸਾਇਟੀ ਨੇ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਨੂੰ ਅੱਗੇ ਤੋਰਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਏਕ ਨੂਰ ਸੁਖਮਨੀ ਸਾਹਿਬ ਸੁਸਾਇਟੀ, ਕਾਰਨਰ ਸਟੋਨ ਕੈਲਗਰੀ ਵੱਲੋਂ ਸੁਖਮਨੀ ਸਾਹਿਬ ਦੇ ਪਾਠਾਂ ਦੀ ਚਲ ਰਹੀ ਲੜੀ ਤਹਿਤ ਭੈਣ ਭਵਦੀਪ ਕੌਰ ਜੀ ਦੇ ਘਰ ਬਹੁਤ ਹੀ ਸ਼ਰਧਾ ਨਾਲ ਸੰਗਤੀ ਰੂਪ ਵਿੱਚ ਕੀਤਾ ਗਿਆ। ਪਾਠ ਉਪਰੰਤ ਗੁਰਜੀਤ ਕੌਰ ਬਵੇਜਾ ਅਤੇ ਗੁਰਬਖਸ਼ ਕੌਰ ਜੀ ਨੇ ਬਹੁਤ ਹੀ ਅਨੰਦਮਈ ਕੀਰਤਨ ਕੀਤਾ। ਚੌਪਈ ਸਾਹਿਬ ਅਤੇ ਛੇ ਪਉੜੀਆਂ ਅਨੰਦ ਸਾਹਿਬ ਦਾ ਪਾਠ ਭੈਣ ਨਰਿੰਦਰ ਕੌਰ ਜੀ ਨੇ ਕੀਤਾ। ਸਵੀਟੀ ਕਾਲੜਾ ਜੀ ਨੇ ਪਰਿਵਾਰ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਪਰਿਵਾਰ ਨੇ ਸੰਗਤਾਂ ਦੇ ਸੁਆਗਤ ਲਈ ਚਾਹ ਅਤੇ ਸਨੈਕਸ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ ਉਪਰੰਤ ਬਹੁਤ ਹੀ ਸ਼ਰਧਾ ਅਤੇ ਪ੍ਰੇਮ ਨਾਲ ਲੰਗਰ ਛਕਾਇਆ ਅਤੇ ਸਾਰੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਅਖੀਰ ਵਿੱਚ ਸੁਖਮਨੀ ਸਾਹਿਬ ਸੁਸਾਇਟੀ ਦੇ ਪ੍ਰਧਾਨ ਸ੍ਰੀਮਤੀ ਗੁਰਜੀਤ ਕੌਰ ਬਵੇਜਾ ਜੀ ਨੇ ਪਰਿਵਾਰ ਅਤੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪਵਿੱਤਰ ਕਾਰਜ ਸੰਪੂਰਨ ਹੋਇਆ।














## ਜੋ ਸ਼ਹੀਦ ਹੂਏ ਹੈਂ ਉਨਕੀ ਜ਼ਰਾ ਯਾਦ ਕਰੋ ਕੁਰਬਾਨੀ

# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਸ਼ਹੀਦ ਫੌਜੀਆਂ ਨੂੰ ਯਾਦ ਕਰਦਿਆਂ ਰੀਮੈਂਬਰਸ ਡੇਅ ਮਨਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ 11 ਨਵੰਬਰ 2025 ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ਼ ਰੀਮੈਂਬਰੈਂਸ ਡੇ ਮਨਾਇਆ। ਸ਼ੁਰੂ ਵਿੱਚ ਕੈਨੇਡਾ ਅਤੇ ਭਾਰਤ ਦੇ ਕੌਮੀ ਤਰਾਨੇ ਗਾਉਣ ਦੀ ਰਸਮ ਅਦਾ ਕੀਤੀ ਗਈ। ਸਕੱਤਰ ਅਮਰੀਕ ਸਿੰਘ ਸਰੋਆ ਨੇ ਮਹਿਮਾਨਾਂ ਅਤੇ ਹਾਜ਼ਰ ਮੈਂਬਰਾਂ ਨੂੰ ਜੀਅ-ਆਇਆਂ ਕਿਹਾ। ਪ੍ਰਧਾਨ ਡਾ: ਸੇਵਾ ਸਿੰਘ ਪ੍ਰੇਮੀ ਨੇ ਇਸ ਦਿਨ ਦੇ ਪਿਛੋਕੜ ਅਤੇ ਇਸ ਦੀ ਅਹਿਮੀਅਤ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਕਿ 11 ਨਵੰਬਰ, 1918 ਨੂੰ ਸਵੇਰੇ ਗਿਆਰਾਂ ਵਜੇ ਪਹਿਲੀ ਸੰਸਾਰ ਜੰਗ ਦੇ ਖਾਤਮੇ ਦਾ ਐਲਾਨ ਹੋਇਆ ਸੀ। ਇਸ ਜੰਗ ਵਿਚ ਹੋਏ ਜਾਨੀ ਨੁਕਸਾਨ ਦਾ ਵੇਰਵਾ ਦਿੱਤਾ, ਇਸ ਵਿਚ ਕੈਨੇਡੀਅਨ ਸਿੱਖ ਫੌਜੀਆਂ ਦੀ ਬਹਾਦਰੀ ਅਤੇ ਵਿਸ਼ੇਸ਼ ਤੌਰ 'ਤੇ ਬੁੱਕਮ ਸਿੰਘ ਬਾਰੇ ਸੰਖੇਪ ਬਿ-ਰਾ ਦਿੱਤਾ। ਕੈਨੇਡਾ ਪੋਸਟ ਦੁਆਰਾ ਸਿੱਖ ਫੌਜੀ ਦੀ ਤਸਵੀਰ ਵਾਲੇ ਜਾਰੀ ਕੀਤੇ ਡਾਕ-ਟਿਕਟ ਬਾਰੇ ਵੀ ਜਾਣਕਾਰੀ ਦਿੱਤੀ। ਕੈਪਟਨ ਚਰਨਕੰਵਲ ਸਿੰਘ ਦੁੱਲਟ ਨੇ ਕਿਹਾ ਕਿ ਫੌਜੀਆਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਹਰ ਤਰ੍ਹਾਂ ਦੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਨੇ ਅੱਜ ਦੇ ਇਸ ਦਿਨ ਨੂੰ ਦੂਜੀ ਸੰਸਾਰ ਜੰਗ ਦੇ ਖਾਤਮੇ ਦੀ 80ਵੀਂ ਵਰ੍ਹੇਗੰਢ ਨਾ਼ਲ ਵੀ ਜੋੜਿਆ। ਉਨ੍ਹਾਂ ਨੇ ਸਾਡੇ ਵਡੇਰਿਆਂ ਦੀ ਬਹਾਦਰੀ ਅਤੇ ਸ਼ਹਾਦਤਾਂ ਦੇ ਕਾਰਨਾਮੇ ਅਗਲੀਆਂ ਪੀੜ੍ਹੀਆਂ ਤੱਕ ਪੁਚਾਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਹਿੰਦ ਉਪ-ਮਹਾਂਦੀਪ ਦੇ ਦੇਸ਼ਾਂ ਤੋਂ ਲੱਖਾਂ ਫੌਜੀਆਂ ਨੇ ਸੰਸਾਰ-ਜੰਗਾਂ ਵਿੱਚ ਬਹਾਦਰੀ ਦੇ ਕਾਰਨਾਮੇ ਵਿਖਾਏ ਅਤੇ ਸ਼ਹਾਦਤਾਂ ਦਿੱਤੀਆਂ। ਇਹ ਸਾਡੇ ਲਈ ਮਾਣਯੋਗ ਸਰਮਾਇਆ ਹੈ। ਐਮ ਐਲ ਏ ਇਰਫਾਨ ਸਾਬਿਰ ਨੇ ਜਿੱਥੇ ਫੌਜੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਉੱਥੇ ਅਮਨ ਦੀ ਲੋੜ ਤੇ ਵੀ ਜ਼ੋਰ ਦਿੱਤਾ। ਐਮ ਐਲ ਏ ਗੁਰਿੰਦਰ ਬਰਾੜ ਦਾ ਵਿਚਾਰ ਸੀ ਕਿ ਬੰਬਾਂ ਬਾਰੂਦਾਂ ਦੀ ਬਜਾਏ ਲੋਕਾਂ ਦੀ ਭਲਾਈ ਵੱਲ ਧਿਆਨ ਦਿੱਤਾ ਜਾਵੇ। ਰੌਕੀ ਵਿਊ ਕਾਊਂਟੀ ਦੇ ਮੇਅਰ (ਰੀਵ) ਸੰਨੀ ਸਮਰਾ ਨੇ ਕਿਹਾ ਕਿ ਜੰਗ ਸਮੇਂ ਜਾਂ ਅਮਨ ਦੇ ਸਮੇਂ ਵਿੱਚ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਸ਼ਹੀਦ ਹੋਏ ਜਵਾਨਾਂ ਨੂੰ ਯਾਦ ਕਰਨਾ ਬਣਦਾ ਹੈ। ਗੁਰਦਿਆਲ ਸਿੰਘ ਖਹਿਰਾ ਨੇ ਲੈਫ਼ਟੀਨੈਂਟ ਕਰਨਲ ਮਨੋਜ ਸਿਨਹਾ ਦੀ ਫੌਜੀਆਂ ਬਾਰੇ ਲਿਖੀ ਹੋਈ ਕਵਿਤਾ ਪੜ੍ਹੀ। ਅਮਨਜੋਤ ਪੰਨੂੰ ਨੇ ਕੈਨੇਡਾ ਵਿੱਚ ਵਧ ਰਹੇ ਅਣਸੁਖਾਵੇਂ ਮਾਹੌਲ ਦੀ ਗੱਲ ਕੀਤੀ। ਰਾਜੇਸ਼ ਅੰਗਰਾਲ ਨੇ ਅਜਿਹੇ ਦਿਨ ਮਨਾਉਣ ਲਈ ਐਸੋਸੀਏਸ਼ਨ ਦੀ ਸ਼ਲਾਘਾ ਕੀਤੀ ਅਤੇ ਇਸ ਦਿਨ ਬਾਰੇ ਆਪਣੇ ਵਿਚਾਰ ਰੱਖੇ। ਚੰਦ ਸਿੰਘ ਸੰਦਿ-ੜਾ ਨੇ ਨਵੀਂ ਬਣੀ 'ਸਕਾਈਵਿਊ ਸੀਨੀਅਰਜ਼ ਵੈਲਫੇਅਰ ਐਸੋਸੀਏਸ਼ਨ' ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਾਰੇ ਧਰਮਾਂ ਅਤੇ ਭਾਈਚਾਰਿਆਂ ਦੀ ਏਕਤਾ ਉਪਰ ਜ਼ੋਰ ਦਿੱਤਾ। ਬਲਵਿੰਦਰ ਸਿੰਘ ਸੋਢੀ ਨੇ ਪਹਿਲੀ ਸੰਸਾਰ-ਜੰਗ ਦੀਆਂ ਕੁੱਝ ਵਾਰਦਾਤਾਂ ਸੁਣਾਈਆਂ। ਜਗਦੀਸ਼ ਕੌਰ ਸਰੋਆ ਨੇ ਇਹ ਗਾਣਾ ਗਾ ਕੇ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ - - ਐ ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇਂ ਭਰ ਲੋ ਪਾਨੀ / ਜੋ ਸ਼ਹੀਦ ਹੂਏ ਹੈਂ ਉਨ ਕੀ ਜ਼ਰਾ ਯਾਦ ਕਰੋ ਕੁਰਬਾਨੀ। ਜਗਦੇਵ ਸਿੱਧੂ ਨੇ ਪਹਿਲੀ ਸੰਸਾਰ ਜੰਗ ਦੇ ਕਾਰਨਾਂ ਤੋਂ ਇਲਾਵਾ ਜ਼ਰੂਰੀ ਅੰਕੜੇ ਅਤੇ ਇਤਿਹਾਸਕ ਤੱਥ ਸਾਹਮਣੇ ਰੱਖੇ। ਪਹਿਲੀ ਸੰਸਾਰ-ਜੰਗ ਦੇ ਸਿੱਟੇ ਵੱਜੋਂ ਕੁੱਝ ਆਜ਼ਾਦ ਹੋਏ ਮੁਲਕਾਂ ਬਾਰੇ ਦੱਸਿਆ ਤੇ ਕਿਹਾ ਕਿ ਵਰਸੇਲਜ਼ ਦੀ ਸੰਧੀ ਦੀਆਂ ਮਾਰੂ ਸ਼ਰਤਾਂ ਦੂਜੀ ਸੰਸਾਰ-ਜੰਗ ਦਾ ਕਾਰਨ ਬਣੀਆਂ। ਕੈਨੇਡਾ ਵਿੱਚ ਅੱਠ ਨਵੰਬਰ ਨੂੰ ਮਨਾਏ ਜਾਣ ਵਾ਼ਲੇ 'ਇੰਡੀਜੀਨੱਸ ਵੈਟਰਨਜ਼ ਡੇ' ਬਾਰੇ ਸੰਖੇਪ ਜਾਣਕਾਰੀ ਦਿੱਤੀ। ਅਖੀਰ ਵਿੱਚ ਡਾ: ਸੇਵਾ ਸਿੰਘ ਪ੍ਰੇਮੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਸਿੱਖ ਮੋਟਰਸਾਈਕਲੀ ਜਥੇ ਵੱਲੋਂ ਪੰਜਾਬ ਦੇ ਹੜ੍ਹਪੀੜਤਾਂ ਲਈ 78000 ਡਾਲਰ ਦਾ ਫੰਡ ਇਕੱਤਰ ਕਰਕੇ ਭੇਜਿਆ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿੱਖ ਮੋਟਰਸਾਈਕਲ ਰਾਈਡਰਜ਼ ਕਲੱਬ ਕੈਲਗਰੀ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਜੋ ਰਲ ਮਿਲ ਕੇ ਪਿਛਲੇ ਦਿਨੀ ਮਾਇਆ ਮਾਨਵਤਾ ਦੀ ਮੱਦਦ ਲਈ ਇਕੱਠੀ ਕੀਤੀ ਗਈ ਸੀ, ਉਹ ਤਕਰੀਬਨ 78000 ਕਨੇਡੀਅਨ ਡਾਲਰ ਬਣਦੀ ਸੀ। ਬੀਤੇ ਐਤਵਾਰ 16 ਨਵੰਬਰ 2025 ਵਾਲੇ ਦਿਨ ਉਸ ਦਾ ਚੈੱਕ SAF Orgainzaitons ਵਾਲੇ ਵੀਰ ਸ਼ਮਨਦੀਪ ਸਿੰਘ ਜੋ ਕਿ ਸਰੀਂ ਤੋਂ ਕੈਲਗਰੀ ਗੁਰਦੁਆਰਾ ਸਾਹਿਬ ਦਸਮੇਸ਼ ਕਲਚਰ ਸੈਂਟਰ ਕੈਲਗਰੀ ਪਹੁੰਚੇ ਸਨ,ਉਹਨਾਂ ਨੂੰ ਸੌਂਪਿਆ ਗਿਆ। ਇਸ ਸਬੰਧੀ ਪੰਜਾਬੀ ਅਖ਼ਬਾਰ ਨੂੰ ਜਾਣਕਾਰੀ ਦਿੰਦਿਆਂ ਸ: ਪਰਦੀਪ ਸਿੰਘ ਬੈਨੀਪਾਲ ਨੇ ਦੱਸਿਆ ਕਿ ਬੀਤੇ ਮਹੀਨੇ ਗੁਰਦੁਆਰਾ ਸਾਹਿਬ ਦਸਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਹੀ ਕਾਊਂਟਰ ਲਗਾਕੇ ਫੰਡ ਇਕੱਠਾ ਕਰਨ ਲਈ ਇਹ ਉਪਰਾਲਾ ਕੀਤਾ ਗਿਆ। ਸੰਗਤਾਂ ਦੇ ਸਹਿਯੋਗ ਨਾਲ ਉਹਨੀ ਦਿਨੀਂ ਵੱਡਾ ਹੁੰਗਾਰਾ ਮਿਲਿਆ ਸੀ ਪਰ ਦਾਨੀਆਂ ਕੋਲੋਂ ਬਾਕੀ ਰਹਿੰਦੇ ਮੱਦਦ ਦੇ ਚੈੱਕ ਇਕੱਤਰ ਕਰਦਿਆਂ ਕੁੱਝ ਸਮਾਂ ਲੱਗ ਗਿਆ। ਪਰ 78000 ਕਨੇਡੀਅਨ ਡਾਲਰ ਦੀ ਇਕੱਤਰ ਹੋਈ ਰਾਸ਼ੀ ਅੱਜ ਸੈਫ ਸੰਸਥਾ ਵਾਲਿਆਂ ਨੂੰ ਸੌਂਪਦਿਆਂ ਮਨੁੱਖਤਾ ਹੀ ਮਨੁੱਖਤਾ ਦੇ ਔਖੇ ਵੇਲੇ ਕੰਮ ਆਉਂਦੀ ਵਰਗੀ ਤਸਵੀਰ ਉਹਨਾਂ ਦੀਆਂ ਅੱਖਾਂ ਅੱਗੇ ਆ ਜਾਂਦੀ ਹੈ। ਉਹਨਾਂ ਨੂੰ ਪੂਰਨ ਵਿਸ਼ਵਾਸ ਹੈ ਕਿ ਭਵਿੱਖ ਵਿੱਚ ਵੀ ਜਦੋਂ ਕਦੀ ਮਨੁੱਖਤਾ ਦੇ ਭਲੇ ਲਈ ਉਹ ਸੰਗਤਾਂ ਨੂੰ ਬੇਨਤੀ ਕਰਨਗੇ ਤਾਂ ਇਸ ਤੋਂ ਵੀ ਵੱਡੇ ਹੁੰਘਾਰੇ ਦੀ ਆਸ ਹੈ।

## ਅਰਪਨ ਲਿਖਾਰੀ ਸਭਾ ਨੇ ਸੰਸਾਰ ਯੁੱਧ ਦੇ ਸ਼ਹੀਦਾਂ ਨੂੰ ਇਕ ਮਿੰਟ ਦਾ ਮੋਨ ਧਾਰਕੇ ਸ਼ਰਧਾਂਜਲੀ ਦਿੱਤੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਨਵੰਬਰ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿੱਚ ਜਸਵੰਤ ਸਿੰਘ ਸੇਖੋ, ਬੀਬੀ ਕੁਲਦੀਪ ਕੌਰ ਘਟੌੜਾ ਅਤੇ ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ। ਬੀਬਾ ਬਲਜਿੰਦਰ ਕੌਰ ਮਾਂਗਟ ਨੇ ਸਟੇਜ ਦੀਆਂ ਜ਼ਿੰਮੇਵਾਰੀਆਂ ਸੰਭਾਲ ਹੋਏ, ਸਾਰੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆ ਅਖਿਆ ਅਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਵਧਾਈ ਸਾਂਝੀ ਕੀਤੀ। ਉਪਰੰਤ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਦਿੱਲੀ ਅਤੇ ਵੱਖ ਵੱਖ ਸ਼ਹਿਰਾਂ ਅਤੇ ਥਾਂਵਾਂ 'ਤੇ ਹੋਏ ਸਰਕਾਰੀ ਕਤਲੇਆਮ ਸਮੇਂ ਨਿਰਦੋਸ਼ ਮਾਰੇ ਗਏ ਲੋਕਾਂ ਨੂੰ, ਸੰਸਾਰ ਯੁੱਧ ਵਿਚ ਹੋਏ ਸ਼ਹੀਦਾਂ ਨੂੰ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀਆਂ ਦਿੱਤੀਆਂ ਗਈਆਂ. ਅਤੇ ਸਭਾ ਦੇ ਸੁਹਿਰਦ ਦੋਸਤ ਜੈਤੇਗ ਸਿੰਘ ਦੀ ਧਰਮ ਪਤਨੀ ਬੀਬੀ ਜਸਪਾਲ ਕੌਰ ਦੇ ਸਦੀਵੀ ਵਿਛੋੜੇ 'ਤੇ ਪਰਿਵਾਰ ਨਾਲ ਦੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਦਿੱਤੀ ਗਈ।

ਸਰਦੂਲ ਸਿੰਘ ਲੱਖਾਂ ਨੇ ਆਪਣੀ ਕਵਿਤਾ ਨਾਲ ਸ਼ੁਰੂਆਤ ਕਰਦਿਆਂ ਜ਼ਿੰਦਗੀ ਨੂੰ ਮਾਣਨ ਅਤੇ ਮਨੁੱਖਤਾ ਨੂੰ ਪਿਆਰ ਕਰਨ ਦਾ ਸੁਨੇਹਾ ਦਿੱਤਾ। ਪੰਜਾਬ ਬਿਜਲੀ ਬੋਰਡ ਤੋਂ ਰਿਟਾਇਰਡ ਹੋਏ ਬਲਕਾਰ ਸਿੰਘ ਨੇ ਆਪਣੀ ਹੱਡ ਬੀਤੀ ਸੁਣਾਉਂਦਿਆਂ ਇਨਸਾਨ ਨੂੰ ਇਮਾਨਦਾਰੀ ਨਾਲ ਆਪਣਾ ਕੰਮ ਕਰਨ ਦੀ ਵਧੀਆ ਉਦਾਹਰਣ ਦਿੱਤੀ। ਦਿੱਲੀ ਤੋਂ ਆਏ ਜਸਵਿੰਦਰ ਸਿੰਘ ਨੇ ਚੌਰਾਸੀ ਵਿੱਚ ਹੋਏ ਸਰਕਾਰੀ ਕਤਲੇਆਮ ਦੇ ਦੁਖਾਂਤ ਸਮੇਂ ਦੀਆਂ ਹੱਡ-ਬੀਤੀਆਂ ਦੀ ਦਾਸਤਾਨ ਸੁਣਾਉਂਦਿਆਂ ਮਾਹੌਲ ਨੂੰ ਗ਼ਮਗੀਨ ਕਰ ਦਿੱਤਾ। ਬਲਦੇਵ ਸਿੰਘ ਦੁੱਲਟ ਨੇ ਸੰਸਾਰ ਯੁੱਧ ਦੀ ਬਾਤ ਪਾਉਂਦਿਆਂ ਪੰਜਾਬੀ ਸਿੱਖ ਫੌਜੀ ਬੁੱਕਮ ਸਿੰਘ ਬਾਰੇ ਜਾਣਕਾਰੀ ਸਾਂਝੀ ਕੀਤੀ। ਕੁਲਦੀਪ ਕੌਰ ਘਟੌੜਾ ਨੇ ਆਪਣੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ।

ਛੋਟੇ ਬੱਚੇ ਜੋਧਵੀਰ ਸਿੰਘ ਨੇ ਏਨੀ ਮਿੱਠੀ ਅਵਾਜ਼ ਵਿੱਚ ਸ਼ਬਦ 'ਤੁਮ ਦਾਇਆ ਕਰੋ ਮੇਰੇ ਸਾਂਈ' ਪੇਸ਼ ਕੀਤਾ ਕਿ ਸਰੋਤੇ ਮੰਤਰ ਮੁਗਧ ਹੋ ਗਏ। ਜੈ ਸਿੰਘ ਉੱਪਲ ਨੇ ਚੌਰਾਸੀ ਦੇ ਸਰਕਾਰੀ ਕਤਲੇਆਮ ਦੀ ਗੱਲ ਕਰਦਿਆਂ ਕਿਹਾ ਸਿੱਖਾਂ ਨੂੰ ਮੁਕਾਉਣ ਦੀਆਂ ਕੋਸ਼ਿਸ਼ ਸਦੀਆਂ ਤੋਂ ਹੁੰਦੀਆਂ ਰਹੀਆਂ ਪਰ ਹਮੇਸ਼ਾ ਚੜਦੀ ਕਲਾ ਵਿਚ ਰਹਿਣਗੇ। ਡਾ: ਮਨਮੋਹਨ ਸਿੰਘ ਬਾਠ ਨੇ ਯਮਲੇ ਜੱਟ ਦਾ ਗਾਇਆ ਗੀਤ 'ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ' ਆਪਣੀ ਬੁਲੰਦ ਆਵਾਜ਼ ਪੇਸ਼ ਕੀਤਾ। ਜਸਵੀਰ ਸਿੰਘ ਸਿਹੋਤਾ ਨੇ ਮਨੁੱਖ ਨੂੰ ਚੜਦੀ ਕਲਾ ਰਹਿਣ ਵਾ਼ਲੀ ਕਵਿਤਾ ਪੇਸ਼ ਕੀਤੀ। ਡਾ: ਹਰਮਿੰਦਰਪਾਲ ਨੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਵਧਾਈ ਦਿੱਤੀ ਅਤੇ ਇੱਕ ਸ਼ਬਦ 'ਕਲ ਤਾਰਨ ਗੁਰੂ ਨਾਨਕ ਆਇਆ... ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤਾ। ਸਤਨਾਮ ਸਿੰਘ ਢਾਅ ਅਤੇ ਜਸਵੰਤ ਸਿੰਘ ਸੇਖੋਂ ਦੀ ਜੋੜੀ ਨੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਵਧਾਈ ਦਿੰਦਿਆਂ, ਨਾਮਵਰ ਕਵੀਸ਼ਰ ਕਰਨੈਲ ਸਿੰਘ ਪਾਰਸ ਦੀ ਰਚਨਾ' ਸਿੱਖਾਂ ਦੇ ਸਿਦਕ ਦੀਆਂ ਲਿਖੀਆਂ ਨਾਲ ਖ਼ੂਨ ਦੇ ਲੜੀਆਂ' ਕਵੀਸ਼ਰੀ ਰੰਗ ਵਿੱਚ ਪੇਸ਼ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ। ਸਰੂਪ ਸਿੰਘ ਮੰਡੇਰ ਆਪਣੀ ਇੱਕ ਕਵਿਤਾ 'ਗੁਰੂ ਨਾਨਕ ਦੀ ਫ਼ਿਲਾਸਫ਼ੀ' ਆਪਣੀ ਸੁਰੀਲੀ ਤੇ ਬੁਲੰਦ ਅਵਾਜ਼ ਵਿੱਚ ਪੇਸ਼ ਕਰਕੇ ਰੰਗ ਬੰਨ੍ਹਿਆਂ। ਡਾ: ਜੋਗਾ ਸਿੰਘ ਸਹੋਤਾ ਨੇ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਹਰਮੋਨੀਅਮ ਨਾਲ ਗਾ ਕੇ ਉਸ ਸਮੇਂ ਦਾ ਦਰਦਨਾਕ ਦ੍ਰਿਸ਼ ਪੇਸ਼ ਕੀਤਾ। ਇੰਡੀਆ ਤੋਂ ਆਏ ਅੰਗਰੇਜ਼ ਸਿੰਘ ਨੇ ਵੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਕਵਿਤਾ ਐਵੇ ਨਾ ਪਰਖ ਸਿਦਕ ਸਾਡਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਕੇ ਵਾਹ ਵਾਹ ਖੱਟੀ।

SUPERVISA Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com
Harpinder Sidhu REGIONAL MANAGER
Lovepreet Sidhu REGIONAL MANAGER

HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK
BUILT GARAGE, GARAGE DOOR INSTALLATION, NEW HOUSE FRAMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ 17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
LAKESIDE MEAT MASALA
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਮੈਨੂੰ ਮੇਟੀ ਹੋਣ ਤੇ ਮਾਣ ਹੈ - ਮੇਟੀ ਐਲਡਰ ਡੋਰੀਨ ਬਰਗੂਮ



ਜਗਦੇਵ ਸਿੱਧੂ
1825 712 1135

ਅਲਬਰਟਾ ਵਿੱਚ 15 ਤੋਂ 22 ਨਵੰਬਰ ਤੱਕ ਮੇਟੀ-ਸਪਤਾਹ ਮਨਾਇਆ ਜਾ ਰਿਹਾ ਹੈ। ਇਹ ਮੇਟੀ ਆਗੂ ਲੂਈ ਰੀਐਲ ਦੀ ਸ਼ਹਾਦਤ ਦੀ ਬਰਸੀ (16 ਨਵੰਬਰ) ਨੂੰ ਸਮਰਪਿਤ ਹੈ। ਇਸ ਸੰਬੰਧ ਵਿੱਚ ਯੂਨੀਵਰਸਿਟੀ ਆਫ ਕੈਲਗਰੀ ਦੇ ਇੰਡੀਜੀਨਸ ਐਂਗੇਜਮੈਂਟ ਦਫਤਰ ਵੱਲੋਂ 13 ਨਵੰਬਰ ਨੂੰ ਵੈਬੀਨਾਰ ਕਰਵਾਇਆ ਗਿਆ ਜਿਸ ਦਾ ਮੰਤਵ ਮੇਟੀ ਸੱਭਿਆਚਾਰ ਅਤੇ ਵਿਰਸੇ ਨੂੰ ਉਜਾਗਰ ਕਰਨਾ ਸੀ। ਇਸ ਵਿੱਚ ਮੁੱਖ ਵਿਸ਼ਾ-ਮਾਹਿਰ ਡੋਰੀਨ ਬਰਗੂਮ, ਲੀਜ਼ਾ ਲਾ ਹੀਰੋਨਡੈਲ ਅਤੇ ਡਾ. ਮੈਲਾਨੀ ਗ੍ਰਿਫਿਥ ਬਰਾਈਸ ਸਨ ਜਦੋਂ ਕਿ ਨੋਰਮਾ ਜੈਰੈਮਿਕਾ ਪ੍ਰੋਗਰਾਮ ਦੀ ਸੰਚਾਲਕ ਸੀ। ਯੂਨੀਵਰਸਿਟੀ ਦੇ ਸਲਾਹਕਾਰ ਸਰਕਲ ਦੀ ਮੇਟੀ ਐਲਡਰ ਡੋਰੀਨ ਬਰਗੂਮ ਕਾਨਫ੍ਰੰਸਾਂ, ਮੀਟਿੰਗਾਂ ਅਤੇ ਸੱਭਿਆਚਾਰ ਪ੍ਰੋਗਰਾਮਾਂ ਦੌਰਾਨ ਰਵਾਇਤੀ ਰਸਮਾਂ, ਵਿਰਸੇ ਅਤੇ ਸ਼ਿਲਪਕਲਾਵਾਂ ਦੀ ਸਿੱਖਿਆ ਦੇ ਕੇ ਅਗਲੀਆਂ ਪੀੜ੍ਹੀਆਂ ਤੱਕ ਪੁਚਾਉਣ ਦਾ ਕੰਮ ਕਰਦੀ ਹੈ। ਡਾ ਮੈਲਾਨੀ ਗ੍ਰਿਫਿਥ ਬਰਾਈਸ ਮੇਟੀ ਸਕਾਲਰ ਅਤੇ ਮੇਟੀ ਸਸਕੈਚਵਨ ਦੀ ਮੈਂਬਰ ਹੈ। ਉਹ ਕੈਲਗਰੀ ਯੂਨੀਵਰਸਿਟੀ ਵਿਖੇ ਇੰਡੀਜੀਨਸ ਐਜੂਕੇਸ਼ਨ ਦੀ ਡਾਇਰੈਕਟਰ ਹੈ। ਡੈਨੇ ਨੇਸ਼ਨ ਦੀ ਨੋਰਮਾ ਜੈਰੈਮਿਕੀ ਕੈਲਗਰੀ ਯੂਨੀਵਰਸਿਟੀ ਦੇ ਇਸ ਦਫ਼ਤਰ ਵਿੱਚ ਕਮਿਊਨਿਟੀ ਆਊਟਰੀਚ ਐਂਡ ਪ੍ਰੋਗਰਾਮ ਡਵੈਲਪਮੈਂਟ ਮੈਨੇਜਰ ਹੈ ਅਤੇ ਪੀ.ਐਚ.ਡੀ. ਕਰ ਰਹੀ ਹੈ। ਉਸ ਦਾ ਵਿਸ਼ਾ ਹੈ - ਸਿੱਖਿਆ ਵਿੱਚ ਨੇਟਿਵ ਭਾਸ਼ਾਵਾਂ। ਪ੍ਰੋਗਰਾਮ ਦੇ ਸ਼ੁਰੂ ਵਿੱਚ ਰਵਾਇਤੀ ਸਮਾਗਮ, ਜਾਣੀ ਧੂਫ ਨਾਲ਼ ਸ਼ੁੱਧੀਕਰਨ ਦੀ ਰਸਮ ਕੀਤੀ ਗਈ ਅਤੇ ਕਰਤੇ (God) ਅੱਗੇ ਅਰਦਾਸ ਕੀਤੀ ਗਈ। ਇਸ ਉਪ੍ਰੰਤ ਵਿਸ਼ਾ ਮਾਹਿਰਾਂ ਨੇ ਮੇਟੀ ਸੱਭਿਆਚਾਰ, ਵਿਰਸੇ, ਰਵਾਇਤਾਂ ਅਤੇ ਕਦਰਾਂ-ਕੀਮਤਾਂ




ਬਾਰੇ ਆਪੋ-ਆਪਣੇ ਤਜਰਬੇ ਦੇ ਆਧਾਰ ਤੇ ਖੁੱਲ੍ਹ ਕੇ ਵਿਚਾਰ ਰੱਖੇ। ਉਨ੍ਹਾਂ ਨੇ ਮੇਟੀ ਸੱਭਿਆਚਾਰ ਨੂੰ ਮਹਾਨ ਦੱਸਿਆ ਤੇ ਕਿਹਾ ਕਿ ਮੇਟੀ ਖ਼ੁਦਮੁਖਤਿਆਰ ਨੇਸ਼ਨ ਹੈ ਜਿਸ ਨੂੰ ਬੜੇ ਸੰਘਰਸ਼ ਅਤੇ ਦ੍ਰਿੜ੍ਹਤਾ ਨਾਲ਼ ਕਾਇਮ ਰੱਖਿਆ ਹੈ। ਡੋਰੀਨ ਨੇ ਫ਼ਖ਼ਰ ਨਾਲ਼ ਕਿਹਾ ਕਿ ਉਨ੍ਹਾਂ ਨੂੰ ਮੇਟੀ ਹੋਣ ਤੇ ਬੜਾ ਮਾਣ ਹੈ। ਉਨ੍ਹਾਂ ਨੇ ਵਿਲੱਖਣ ਮੇਟੀ ਵਿਰਸੇ ਨੂੰ ਅੱਜ ਦੇ ਹਾਲਾਤ ਦੇ ਅਨੁਕੂਲ ਅਤੇ ਪ੍ਰਸੰਗਕ ਦੱਸਿਆ। ਉਨ੍ਹਾਂ ਨੇ ਪੁਰਖਿਆਂ ਦੀਆਂ ਕਹਾਣੀਆਂ ਦੇ ਹਵਾਲੇ ਨਾਲ਼ ਦੱਸਿਆ ਕਿ ਉਹ ਕੌਣ ਹਨ। ਵਿਚਾਰ-ਚਰਚਾ ਤੋਂ ਬਾਦ ਸਵਾਲਾਂ ਦੇ ਜਵਾਬ ਦਿੱਤੇ। ਵੈਬੀਨਾਰ ਵਿੱਚ ਸ਼ਾਮਲ ਹੋਏ ਜਗਦੇਵ ਸਿੱਧੂ ਨੇ ਦੱਸਿਆ ਕਿ ਲੂਈ ਰੀਐਲ ਨੂੰ ਕੈਨੇਡਾ ਫੈਡ੍ਰੇਸ਼ਨ ਦਾ ਪਿਤਾਮਾ ਅਤੇ ਮੈਨੀਟੋਬਾ ਦਾ ਬਾਨੀ ਮੰਨਿਆਂ ਜਾਂਦਾ ਹੈ। ਰੀਐਲ ਨੇ ਜੱਦੀ ਅਤੇ ਮੇਟੀ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਆਬਾਦਕਾਰ ਬਸਤੀਵਾਦੀਆਂ ਅਤੇ ਨਵੀਂ ਬਣੀ ਫੈਡਰਲ ਸਰਕਾਰ ਦੇ ਵਿਰੁੱਧ ਲੋਕਾਂ ਨੂੰ ਲਾਮਬੰਦ ਕਰ ਕੇ ਸੰਘਰਸ਼ ਕੀਤਾ ਜਿਸ ਦੇ ਨਤੀਜੇ ਵਜੋਂ 1870 ਵਿੱਚ ਮੈਨੀਟੋਬਾ ਹੋਂਦ ਵਿੱਚ ਆਇਆ। ਇਸ ਮਗਰੋਂ ਨਾਰਥ-ਵੈਸਟ ਦੇ ਅਗਲੇ ਖਿੱਤੇ ( ਹੁਣ ਸਸਕੈਚਵਨ) ਦੇ ਲੋਕਾਂ ਲਈ ਵੀ ਸੰਘਰਸ਼ ਕੀਤਾ। ਬਸਤੀਵਾਦੀ ਸਰਕਾਰ ਨੇ ਉਸ ਨੂੰ 16 ਨਵੰਬਰ ਨੂੰ ਰੀਜਾਈਨਾ ਵਿਖੇ ਫਾਂਸੀ ਦੀ ਸਜ਼ਾ ਦਿੱਤੀ। ਉਸ ਨੇ ਖਿੜੇ ਮੱਥੇ ਸ਼ਹੀਦੀ ਪਾਈ ਸੀ। ਮੇਟੀ-ਸਪਤਾਹ ਮਨਾਉਣ ਲਈ ਹੋਰ ਵੀ ਕਈ ਥਾਈਂ ਪ੍ਰੋਗਰਾਮ ਉਲੀਕੇ ਗਏ ਹਨ।

# ਅਸੱਭਿਅਕ ਸੱਭਿਆਚਾਰ



ਇੰਜੀ. ਵਰਿੰਦਰ ਟੱਲੇਵਾਲੀਆ
9417923777

ਅਸੀਂ ਬੇਟੇ ਕੋਲ ਕੈਨੇਡਾ ਆਏ ਹੋਏ ਸੀ, ਮੇਰੇ ਇੱਕ ਦੋਸਤ ਨੇ ਮੈਨੂੰ ਫੋਨ ਕਰਕੇ ਕਿਹਾ ਕਿ ਉਸਦਾ ਕੁੱਝ ਸਮਾਨ ਕੈਨੇਡਾ ਵਿੱਚ ਰਹਿ ਰਹੇ ਉਸ ਦੇ ਰਿਸ਼ਤੇਦਾਰ ਪਾਸੋਂ ਲੈ ਆਵਾਂ। ਮੈਂ ਉਸਦੇ ਰਿਸ਼ਤੇਦਾਰਾਂ ਨੂੰ ਫ਼ੋਨ ਤੇ ਸੰਪਰਕ ਕਰਕੇ ਕਿਹਾ ਕਿ ਸਮਾਨ ਦੇ ਜਾਓ ਜੋਂ ਤੁਸੀਂ ਇੰਡਿਆ ਨੂੰ ਭੇਜਣਾ ਹੈ, ਪਰ ਉਹਨਾਂ ਵਲੋਂ ਦੱਸਿਆ ਗਿਆ ਕਿ ਅਸੀ ਦੋਨੋਂ ਕੰਮ ਤੇ ਜਾਂਦੇ ਹਾਂ ਸਾਡੇ ਕੋਲ ਆਉਣ ਲਈ ਸਮਾਂ ਨਹੀਂ ਹੋਣਾ, ਤੁਸੀ ਆਕੇ ਲੈ ਜਾਣਾ। ਉਹ ਲੰਡਨ ਵਿੱਚ ਰਹਿੰਦੇ ਸਨ, ਜੋਂ ਕੇ ਬੇਟੇ ਦੇ ਘਰ ਤੋਂ ਬਹੁਤ ਦੂਰ ਪੈਂਦਾਂ ਸੀ, ਭਾਵੇਂ ਉਹਨਾਂ ਦਾ ਘਰ ਹਾਈ ਵੇ ਦੇ ਨਜਦੀਕ ਹੀ ਪੈਂਦਾ ਸੀ, ਸਪੀਡ ਵੀ ਇੱਕ ਸੌ ਵੀਹ ਰੱਖ ਕੇ ਜਾ ਸਕਦੇ ਸੀ, ਫੇਰ ਵੀ ਸਾਨੂੰ ਘਰ ਤੋਂ ਕੋਈ ਪੰਜ ਘੰਟੇ ਦਾ ਸਫ਼ਰ ਤਹਿ ਕਰਨਾ ਪਿਆ। ਗੁੱਗਲ ਦੀ ਮੱਦਦ ਨਾਲ ਅਸੀਂ ਬਿਲਕੁੱਲ ਸਹੀ ਥਾਂ ਪਹੁੱਚ ਗਏ। ਚਾਹ ਪਾਣੀ ਪੀਣ ਤੋਂ ਬਾਦ ਗੱਲਾਂ ਬਾਤਾਂ ਦਾ ਸਿਲਸਲਾ ਸ਼ੁਰੂ ਹੋਇਆ, ਅਸੀਂ ਉਹਨਾਂ ਦੇ ਪਰਿਵਾਰ ਵਾਰੇ ਜਾਣਕਾਰੀ ਲਈ, ਦੋਨੋਂ ਮੀਆ ਬੀਬੀ ਨੇ ਦੱਸਿਆ ਕਿ ਸਾਡੇ ਇੱਕ ਲੜਕਾ ਹੈ, ਏਥੇ ਨੇੜੇ ਦੇ ਹਸਪਤਾਲ ਵਿੱਚ ਡਾਕਟਰ ਹੈ। ਫੇਰ ਉਹਨਾਂ ਨੇ ਸਾਨੂੰ ਆਪਣਾ ਪੂਰਾ ਘਰ ਵੇਖਾਇਆ, ਬਹੁਤ ਹੀ ਸੁੰਦਰ ਤਿੰਨ ਬੈਡ ਰੂਮ ਦਾ ਘਰ ਬਣਾਇਆ ਹੋਇਆ ਸੀ। ਇਕ ਉਹਨਾਂ ਨੇ ਘਰ ਵਿੱਚ ਕੁੱਤਾ ਪਾਲਿਆ ਹੋਇਆ ਸੀ। ਮੈ ਪੁੱਛਿਆ ਬੇਟਾ ਕਿੰਨੇ ਵਜੇ ਡਿਊਟੀ ਤੋਂ ਵਾਪਿਸ ਆਉਂਦਾ ਹੁੰਦਾ, ਉਹ ਕਹਿਣ ਲੱਗੇ ਬੇਟਾ ਨੇੜੇ ਹੀ ਇੱਕ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ, ਮੇਰਾ ਅਗਲਾ ਸਵਾਲ ਸੀ, ਤੁਹਾਡਾ ਏਡਾ ਵੱਡਾ ਘਰ ਹੈ, ਬੇਟਾ ਏਥੇ ਤੁਹਾਡੇ ਨਾਲ ਕਿਉਂ ਨਹੀਂ ਰਹਿੰਦਾ। ਉਹਨਾਂ ਨੇ ਦੱਸਿਆ ਕਿ ਬੱਚੇ ਏਥੇ ਆਪਣੀ ਪ੍ਰਾਈਵੇਸੀ ਲਾਈਫ ਜਿਉਣਾ ਪਸੰਦ ਕਰਦੇ ਹਨ, ਇਸ ਕਰਕੇ ਮਾਪਿਆ ਨਾਲ ਨਹੀਂ ਰਹਿਦੇ। ਕੋਈ ਗੱਲ ਨਹੀਂ ਆਪਾ ਬੇਟੇ ਨੂੰ ਬੁਲਾ ਲੈਂਦੇ ਹਾਂ, ਪਹਿਲਾਂ ਤਾਂ ਮਾਂ ਨੇ ਫੋਨ ਕੀਤਾ, ਕਿ ਤੇਰੇ ਅੰਕਲ ਅੰਟੀ ਇੰਡੀਆ ਤੋਂ ਆਏ ਹੋਏ ਹਨ, ਤੈਨੂੰ ਮਿਲਣਾ ਚਾਹੁੰਦੇ ਹਨ, ਕੋਈ ਅੱਧਾ ਘੰਟਾ ਉਡੀਕ ਕਰਨ ਬਾਅਦ ਬਾਪ ਨੇ ਫੋਨ ਕੀਤਾ, ਪਰ ਉਹ ਨਾ ਆਇਆ। ਕਾਫੀ ਸਮਾਂ ਉਡੀਕ ਕਰਨ ਤੋਂ ਬਾਅਦ ਫੇਰ ਬਾਪ ਨੇ ਫੋਨ ਕੀਤਾ, ਇਸ ਵਾਰ ਫੋਨ ਤੇ ਕੀ ਗੱਲ ਹੋਈ ਉਹ ਤਾਂ ਪਤਾ ਨਹੀਂ ਲੱਗ ਸਕਿਆ, ਪਰ ਬਾਪ ਦੇ ਚੇਹਰੇ ਤੇ ਆ ਰਹੇ ਹਾਬ ਭਾਵ ਤੋਂ ਸਾਫ਼ ਵਿਖਾਈ ਦੇ ਰਿਹਾ ਸੀ, ਮੈ ਮੌਕਾ ਤਾੜ ਕੇ ਕਿਹਾ ਕੋਈ ਗੱਲ ਨਹੀਂ ਭਾਈ ਸਾਹਿਬ ਬੱਚੇ ਨੂੰ ਕੋਈ ਜ਼ਰੂਰੀ ਕੰਮ ਵੀ ਹੋ ਸਕਦਾ ਹੈ। ਇਹ ਸੁਣ ਕੇ ਉਸ ਨੇ ਆਪਣੇ ਅਪ ਨੂੰ ਕੁੱਝ ਸੁਖਾਲਾ ਮਹਿਸੂਸ ਕੀਤਾ। ਚਲੋ ਕੋਈ ਗੱਲ ਨਹੀਂ, ਉਸ ਤਰ੍ਹਾਂ ਤਾਂ ਤੁਹਾਨੂੰ ਮਿਲਣ ਆਉਦਾਂ ਹੀ ਰਹਿੰਦਾ ਹੋਵੇਗਾ, ਥੋੜ੍ਹੀ ਜੇਹੀ ਚੁੱਪ ਤੋ ਬਾਅਦ ਭਿੱਜੇ ਜਿਹੇ ਅਲਫਾਜਾਂ ਵਿੱਚ ਮਾਂ ਬੋਲੀ, ਉਸ ਨੂੰ ਕੁੱਤੇ ਨਾਲ ਬਹੁਤ ਪਿਆਰ ਹੈ, ਉਸਨੂੰ ਮਿਲਣ ਲਈ ਅਕਸਰ ਆ ਜਾਦਾ ਹੈ। ਮੈਨੂੰ ਸਮਝਣ ਵਿੱਚ ਬਹੁਤੀ ਦੇਰ ਨਾ ਲੱਗੀ।ਅਸੀਂ ਉਹਨਾਂ ਤੋਂ ਵਾਪਿਸ ਜਾਣ ਦੀ ਆਗਿਆ ਲਈ ਤੇ ਵਾਪਿਸ ਚੱਲ ਪਏ। ਮੈ ਸਾਰੇ ਰਸਤੇ ਵਿੱਚ ਸੋਚਦਾ ਆ ਰਿਹਾ ਸੀ, ਕਿ ਇਹ ਕਿਸ ਤਰ੍ਹਾਂ ਦਾ ਅਸੱਭਿਅਕ ਸੱਭਿਆਚਾਰ ਹੈ ? ਅਸੀਂ ਤਾਂ ਆਪਣੇ ਜਾਣੇ ਬੱਚਿਆਂ ਦੀ ਜਿੰਦਗੀ ਬਣਾਉਣ ਲਈ ਏਥੇ ਭੇਜਦੇ ਹਾਂ, ਪਰ ਏਥੇ ਤਾਂ.......।






# ਕੀ ਬਿਹਾਰ ਜਿੱਤਿਆ ਗਿਆ ਹੈ ?



ਗੁਰਮੀਤ ਸਿੰਘ ਪਲਾਹੀ
-9815802070

**ਵਿਰੋਧੀ ਧਿਰ ਵੱਲੋਂ ਖ਼ਾਸ ਕਰਕੇ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਮਾਮਲੇ ਉੱਤੇ ਜ਼ੋਰ ਦਿੱਤਾ ਗਿਆ ਅਤੇ ਇਸ ਮਾਮਲੇ ਨੂੰ ਹੀ ਪ੍ਰਚਾਰਨ ਦਾ ਪੂਰਾ ਟਿੱਲ ਲਾ ਦਿੱਤਾ ਗਿਆ। ਪਰ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਵੱਲ ਅਤੇ ਮੁੱਦਿਆਂ ਪ੍ਰਤੀ ਲੋਕਾਂ ਚੋਂ ਉਭਾਰ ਨਾ ਪੈਦਾ ਕਰ ਸਕਣਾ, ਇਸ ਚੋਣ 'ਚ ਨਾਕਾਮੀ ਦਾ ਕਾਰਨ ਬਣਿਆ। ਦੂਜਾ ਵੱਡਾ ਤੱਥ ਜੋ ਸਾਹਮਣੇ ਵੇਖਣ 'ਚ ਆਇਆ ਉਹ ਇਹ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਘਾਟ ਇਹੀ ਹੈ ਕਿ ਰਾਸ਼ਟਰੀ ਦਲ ਹੋਣ ਜਾਂ ਖੇਤਰੀ ਪਾਰਟੀਆਂ, ਉਹਨਾਂ 'ਚ ਅੰਦਰੂਨੀ ਲੋਕਤੰਤਰ ਦੀ ਵੱਡੀ ਘਾਟ ਹੈ। ਉਹ ਇੱਕ ਵਿਅਕਤੀ ਜਾਂ ਪਰਿਵਾਰ ਤੋਂ ਆਪਣੇ ਸਮੁੱਚੀ ਊਰਜਾ ਲੱਭਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਾਰਟੀ ਨੀਤੀਆਂ ਤੋਂ ਜਿਆਦਾ ਅਹਿਮ ਸੱਤਾ ਵਟੋਰਨਾ ਬਣ ਗਈ ਹੈ। ਉਹ ਨੈਤਿਕ- ਅਨੈਤਿਕ ਕਿਸੇ ਵੀ ਤਰ੍ਹਾਂ ਬਸ ਗੱਦੀ ਤੱਕ ਪਹੁੰਚਣ ਦੀ ਤਾਕ 'ਚ ਰਹਿੰਦੇ ਹਨ।**

ਕੀ ਬਿਹਾਰ ਗਰੀਬ ਹੈ ? ਕੀ ਬਿਹਾਰ ਵਿੱਚ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ ਹੈ ? ਕੀ ਬਿਹਾਰ 'ਚ ਕਰੋੜਾਂ ਲੋਕ ਨੌਕਰੀ ਦੀ ਭਾਲ ਵਿੱਚ ਦੂਜੇ ਸੂਬਿਆਂ ਵਿੱਚ ਪਲਾਇਨ ਕਰ ਰਹੇ ਹਨ ? ਕੀ ਅਤਿ ਦੀ ਗ਼ਰੀਬੀ ਨੇ ਬਿਹਾਰ ਦੇ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ ? ਕੀ ਬਿਹਾਰ ਵਿੱਚ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਹਾਲਤ ਤਰਸਯੋਗ ਹਨ ? ਜੇਕਰ ਹਰ ਸਵਾਲ ਦਾ ਜਵਾਬ ਹਾਂ ਹੈ, ਤਾਂ ਹੁਣੇ ਜਿਹੇ ਹੋਈਆਂ ਬਿਹਾਰ ਚੋਣਾਂ ਵਿੱਚ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਹੈ ਤਾਂ ਉਸਦਾ ਕੋਈ ਸਪਸ਼ਟ ਕਾਰਨ ਨਜ਼ਰ ਨਹੀਂ ਆਉਂਦਾ।

ਬਿਹਾਰ ਦੀਆਂ ਚੋਣਾਂ 'ਚ ਐਨ.ਡੀ.ਏ. ( ਭਾਜਪਾ ਜਮ੍ਹਾਂ ਨਿਤੀਸ਼ ਕੁਮਾਰ ਜਮ੍ਹਾਂ ਹੋਰ ਪਾਰਟੀਆਂ) ਨੂੰ 202 ਵਿਧਾਨ ਸਭਾ ਸੀਟਾਂ ਮਿਲੀਆਂ ਜਦਕਿ ਮਹਾਂਗਠਬੰਧਨ (ਤੇਜਸਵੀ ਯਾਦਵ ਜਮ੍ਹਾਂ ਕਾਂਗਰਸ ਜਮ੍ਹਾਂ ਹੋਰ ਪਾਰਟੀਆਂ) ਨੂੰ ਸਿਰਫ਼ 35 ਸੀਟਾਂ ਮਿਲੀਆਂ ਹਨ।

ਇਹਨਾਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਇੱਕ ਨਵਾਂ ਗੀਤ ਸੀ- ਮਤਦਾਨ ਤੋਂ ਪਹਿਲਾਂ, ਮਤਦਾਨ ਦੇ ਦੌਰਾਨ ਅਤੇ ਮਤਦਾਨ ਦੇ ਬਾਅਦ ਹਰ ਘਰ ਦੀ ਇੱਕ ਔਰਤ ਨੂੰ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇਣਾ। ਚੋਣਾਂ ਦੌਰਾਨ ਕੀ ਇਹ ਖੁੱਲ੍ਹੀ ਰਿਸ਼ਵਤ ਨਹੀਂ ਸੀ ? ਬਿਹਾਰ 'ਚ 62.98% ਔਰਤਾਂ ਨੇ ਵੋਟਾਂ ਪਾਈਆਂ ਅਤੇ ਮਰਦਾਂ ਨੇ 71.78ਪ੍ਰਤੀਸ਼ਤ। ਪਰ ਬਿਹਾਰ 'ਚ ਸੱਤ ਜਿਲਿਆਂ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਨੇ ਜ਼ਿਆਦਾ ਪ੍ਰਤੀਸਤ ਮਤਦਾਨ ਕੀਤਾ। ਕੀ ਇਹ 10 ਹਜ਼ਾਰ ਰੁਪਏ ਰਿਸ਼ਵਤ ਦੀ ਕਰਾਮਾਤ ਨਹੀਂ ਸੀ ਕਿ ਸੱਤਾਧਾਰੀ ਪਾਰਟੀ ਪੈਸੇ ਦੇ ਕੇ ਚੋਣਾਂ ਜਿੱਤ ਗਈ ?

ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਚੋਣਾਂ ਦੀਆਂ ਤਰੀਖਾਂ ਦੀ ਘੋਸਣਾ ਤੋਂ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਮਹਿਲਾ ਰੋਜ਼ਗਰ ਯੋਜਨਾ ਦੇ ਐਲਾਨ 'ਤੇ ਭਾਰਤੀ ਚੋਣ ਕਮਿਸ਼ਨ ਨੇ ਚੁੱਪੀ ਸਾਧ ਲਈ। ਔਰਤਾਂ ਦੇ ਖ਼ਾਤਿਆਂ ਵਿੱਚ 10 ਹਜ਼ਾਰ ਰੁਪਏ ਚੋਣਾਂ ਤੋਂ ਪਹਿਲਾਂ ਪੈਣੇ ਸ਼ੁਰੂ ਹੋਏ ਅਤੇ ਚੋਣਾਂ ਦੌਰਾਨ ਵੀ ਜਾਰੀ ਰਹੇ। ਚੋਣ ਕਮਿਸ਼ਨ ਨੇ ਕਿਸੇ ਵੀ ਪੱਧਰ 'ਤੇ ਇਸ ਨੂੰ ਨਹੀਂ ਰੋਕਿਆ।

ਭਾਰਤੀ ਚੋਣ ਕਮਿਸ਼ਨ ਦੇ ਪੱਖਪਾਤ ਦੀ ਕਾਰਵਾਈ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਜਦ 2004 ਵਿੱਚ ਲੋਕ ਸਭਾ ਚੋਣਾਂ ਦੀਆਂ ਤਰੀਖਾਂ ਐਲਾਨੀਆਂ ਗਈਆਂ ਤਾਂ ਮਾਰਚ 2003 ਵਿੱਚ ਸੁਰੂ ਕੀਤੀ ਗਈ ਕਿਸਾਨਾਂ ਲਈ ਤਮਿਲਨਾਡੂ ਵਿੱਚ ਨਕਦ ਰਾਸੀ ਯੋਜਨਾ ਬੰਦ ਕਰ ਦਿੱਤੀ ਗਈ ਸੀ। ਸਾਲ 2006 ਵਿੱਚ ਇੱਕ ਮੁਫ਼ਤ ਰੰਗੀਨ ਟੀਵੀ ਯੋਜਨਾ ਲਾਗੂ ਕੀਤੀ ਗਈ ਸੀ। ਸਾਲ 2011 ਵਿੱਚ ਜਦੋਂ ਵਿਧਾਨ ਸਭਾ ਚੋਣਾਂ ਐਲਾਨੀਆਂ ਗਈਆਂ ਤਾਂ ਇਹ ਯੋਜਨਾ ਅਚਾਨਕ ਬੰਦ ਕਰ ਦਿੱਤੀ ਗਈ। ਕੀ ਇਹ ਚੋਣ ਕਮਿਸ਼ਨ ਦਾ ਪੱਖਪਾਤ ਨਹੀਂ ਹੈ ਕਿ 10 ਹਜ਼ਾਰ ਰੁਪਏ ਚੋਣਾਂ 'ਚ ਔਰਤਾਂ ਨੂੰ ਦਿੱਤੇ ਗਏ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ ?

ਬਿਹਾਰ ਚੋਣਾਂ ਦੇਸ਼ ਲਈ ਅਹਿਮ ਸਨ। ਸੱਤਾ ਧਿਰ ਅਤੇ ਵਿਰੋਧੀ ਧੀਰ ਦੇ ਨੇਤਾ ਪੂਰੇ ਜੋਸ਼ ਨਾਲ ਬਿਹਾਰ ਦੇ ਲੋਕਾਂ ਦੀ ਕਚਹਿਰੀ 'ਚ ਪੁੱਜੇ। ਚੋਣਾਂ 'ਚ ਸੱਤਾ ਧਿਰ ਸਮੇਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਸਾਰੀ ਤਾਕਤ ਝੌਂਕ ਦਿੱਤੀ। ਨਿਤੀਸ਼ ਕੁਮਾਰ ਮੁੱਖ ਮੰਤਰੀ ਅਤੇ ਉਸਦੀ ਪਾਰਟੀ ਵੱਲੋਂ ਵੀ ਪੂਰਾ ਜ਼ੋਰ ਚੋਣ ਜਿੱਤਣ ਲਈ ਲਗਾਇਆ ਗਿਆ।

ਜੇਕਰ ਸੱਤਾ ਧਿਰ ਚੋਣ ਹਾਰ ਜਾਂਦੀ, ਤਾਂ ਅਗਲੀਆਂ ਲੋਕ ਸਭਾ ਚੋਣਾਂ 'ਚ ਉਸ ਦੀ ਜਿੱਤ ਉੱਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸਨ। ਬਿਹਾਰ ਦੀਆਂ ਚੋਣ ਗਤੀਵਿਧੀਆਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਨ ਨੇ ਸੱਤਾ ਧਿਰ ਦੇ ਹੱਕ 'ਚ ਪੂਰਾ ਜ਼ੋਰ ਲਗਾਇਆ। ਵੱਖਰੇ-ਵੱਖਰੇ ਖੇਤਰਾਂ 'ਚ ਮੀਡੀਆ ਸੰਸਥਾਨ ਇੱਕੋ ਆਵਾਜ਼ 'ਚ ਬੋਲ ਰਹੇ ਸਨ ਕਿ ਲੋਕ ਜਾਤੀ ਦੇ ਆਧਾਰ 'ਤੇ ਵੋਟ ਦੇ ਰਹੇ ਹਨ। ਇਹ ਵੀ ਕਹਿ ਰਹੇ ਸਨ ਕਿ ਨਿਤੀਸ਼ ਕੁਮਾਰ ਦੇ ਖਿਲਾਫ਼ ਕੋਈ ਵਿਰੋਧੀ ਲਹਿਰ ਨਹੀਂ ਹੈ ? ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ 20 ਵੇਰ ਬਿਹਾਰ ਚੋਣ-ਯਾਤਰਾ ਕੀਤੀ ਤੇ ਪ੍ਰੈਸ ਨੇ ਇਸਨੂੰ ਭਾਰੀ ਕਵਰੇਜ ਦਿੱਤੀ। ਬਿਨਾਂ ਸ਼ੱਕ ਰਾਹੁਲ ਗਾਂਧੀ ਆਪਣੇ ਮੁੱਖ ਮੁੱਦੇ -ਵੋਟ ਚੋਰੀ ਅਤੇ ਬੇਰੁਜ਼ਗਾਰੀ ਉੱਤੇ ਅੜੇ ਰਹੇ। ਤੇਜਸਵੀ ਯਾਦਵ ਚੋਣ ਪ੍ਰਚਾਰ ਵਿੱਚ ਊਰਜਾ ਤਾਂ ਲਿਆ ਸਕੇ ਪਰ ਲੋਕਾਂ ਵਿੱਚ ਆਪਣੇ ਪਰਿਵਾਰ ਦੇ ਬਣੇ "ਜੰਗਲ ਰਾਜ" ਦੇ ਅਕਸ ਨੂੰ ਸਾਫ਼ ਨਾ ਕਰ ਸਕੇ। ਲਾਲੂ ਪ੍ਰਸਾਦ ਯਾਦਵ ਅਤੇ ਉਸ ਦੀ ਪਤਨੀ ਨੇ ਬਿਹਾਰ 'ਚ 15 ਸਾਲ (1990 - 2005) ਤੱਕ ਰਾਜ ਕੀਤਾ ਅਤੇ ਨਿਤੀਸ਼ ਕੁਮਾਰ 20 ਸਾਲ ਤੋਂ ਰਾਜ ਕਰ ਰਹੇ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ 20 ਵਰ੍ਹਿਆਂ 'ਚ ਬਿਹਾਰ ਦੀ ਹਾਲਤ ਨਹੀਂ ਸੁਧਰੀ।




ਦੇਸ਼ 'ਚ ਬਿਹਾਰ ਵਿਕਾਸ ਦੇ ਮਾਮਲੇ 'ਚ ਫਾਡੀ ਹੈ। ਸਿਹਤ, ਸਿੱਖਿਆ ਸਹੂਲਤਾਂ ਨਿਕੰਮੀਆਂ ਹਨ, ਪਰ ਇਵੇਂ ਲੱਗਿਆ ਇਸ ਚੋਣ ਦੇ ਨਤੀਜਿਆਂ ਤੋਂ ਕਿ ਨਿਤੀਸ਼ ਕੁਮਾਰ ਦੀਆਂ ਨਕਾਮੀਆਂ ਤੋਂ ਵੀ ਲੋਕਾਂ 'ਚ ਕੋਈ ਨਰਾਜ਼ਗੀ ਨਹੀਂ ਹੈ।

ਬਿਹਾਰ ਵਿਧਾਨ ਸਭਾ 'ਚ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕਈ ਸੀਟਾਂ ਉੱਤੇ ਜਿੱਤਣ ਤੇ ਹਾਰਨ ਵਾਲੀ ਉਮੀਦਵਾਰਾਂ ਦੀਆਂ ਵੋਟਾਂ ਦਾ ਫ਼ਰਕ 50 ਵੋਟਾਂ ਤੋਂ ਵੀ ਘੱਟ ਹੈ ਅਤੇ ਕਈ ਸੀਟਾਂ ਉੱਤੇ ਫ਼ਰਕ 500 ਤੋਂ ਇੱਕ ਹਜ਼ਾਰ ਵੋਟਾਂ ਤੋਂ ਵੀ ਘੱਟ।

ਚੋਣ ਨਤੀਜਿਆਂ ਸੰਬੰਧੀ ਹੋਰ ਵੀ ਕਈ ਕਿੰਤੂ-ਪ੍ਰੰਤੂ ਸਾਹਮਣੇ ਆਏ ਹਨ। ਪਰ ਕੁਝ ਇੱਕ ਗੱਲਾਂ ਜਿਹੜੀਆਂ ਸਪਸ਼ਟ ਤੌਰ 'ਤੇ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲੀਆਂ ਉਹ ਇਹ ਹੈ ਕਿ ਪਹਿਲੀ ਫੇਜ਼ ਦੀ ਚੋਣ ਤੋਂ ਬਾਅਦ ਇੱਕ ਵੱਡੇ ਭਾਜਪਾ ਨੇਤਾ ਵੱਲੋਂ ਇਹ ਬਿਆਨ ਦੇਣਾ ਕਿ 'ਸਾਨੂੰ ਨਮਕ ਹਰਾਮ ਲੋਕਾਂ ਦੀਆਂ ਵੋਟਾਂ ਨਹੀਂ ਚਾਹੀਦੀਆਂ।' ਇੱਕ ਵੱਡੀ ਚਰਚਾ ਦਾ ਵਿਸ਼ਾ ਬਣਿਆ। ਇਸ ਨਾਲ ਵੋਟਾਂ ਦਾ ਧਰੁਵੀਕਰਨ ਵਧਿਆ। ਇਸ ਬਿਆਨ ਬਾਰੇ ਭਾਰਤੀ ਚੋਣ ਕਮਿਸ਼ਨ ਦੀ ਚੁੱਪੀ ਚਰਚਾ 'ਚ ਰਹੀ।

ਵਿਰੋਧੀ ਧਿਰ ਵੱਲੋਂ ਖ਼ਾਸ ਕਰਕੇ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਮਾਮਲੇ ਉੱਤੇ ਜ਼ੋਰ ਦਿੱਤਾ ਗਿਆ ਅਤੇ ਇਸ ਮਾਮਲੇ ਨੂੰ ਹੀ ਪ੍ਰਚਾਰਨ ਦਾ ਪੂਰਾ ਟਿੱਲ ਲਾ ਦਿੱਤਾ ਗਿਆ। ਪਰ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਵੱਲ ਅਤੇ ਮੁੱਦਿਆਂ ਪ੍ਰਤੀ ਲੋਕਾਂ ਚੋਂ ਉਭਾਰ ਨਾ ਪੈਦਾ ਕਰ ਸਕਣਾ, ਇਸ ਚੋਣ 'ਚ ਨਾਕਾਮੀ ਦਾ ਕਾਰਨ ਬਣਿਆ। ਦੂਜਾ ਵੱਡਾ ਤੱਥ ਜੋ ਸਾਹਮਣੇ ਵੇਖਣ 'ਚ ਆਇਆ ਉਹ ਇਹ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਘਾਟ ਇਹੀ ਹੈ ਕਿ ਰਾਸ਼ਟਰੀ ਦਲ ਹੋਣ ਜਾਂ ਖੇਤਰੀ ਪਾਰਟੀਆਂ, ਉਹਨਾਂ 'ਚ ਅੰਦਰੂਨੀ ਲੋਕਤੰਤਰ ਦੀ ਵੱਡੀ ਘਾਟ ਹੈ। ਉਹ ਇੱਕ ਵਿਅਕਤੀ ਜਾਂ ਪਰਿਵਾਰ ਤੋਂ ਆਪਣੇ ਸਮੁੱਚੀ ਊਰਜਾ ਲੱਭਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਾਰਟੀ ਨੀਤੀਆਂ ਤੋਂ ਜਿਆਦਾ ਅਹਿਮ ਸੱਤਾ ਵਟੋਰਨਾ ਬਣ ਗਈ ਹੈ। ਉਹ ਨੈਤਿਕ- ਅਨੈਤਿਕ ਕਿਸੇ ਵੀ ਤਰ੍ਹਾਂ ਬਸ ਗੱਦੀ ਤੱਕ ਪਹੁੰਚਣ ਦੀ ਤਾਕ 'ਚ ਰਹਿੰਦੇ ਹਨ।

ਅੱਜ ਭਾਰਤ ਦੀ ਆਬਾਦੀ ਡੇਢ ਅਰਬ ਟੱਪ ਗਈ ਹੈ। ਦੇਸ਼ ਦੇ ਲੋਕਾਂ ਦਾ ਲੋਕਤੰਤਰ ਕੁਝ ਸਿਆਸੀ ਪਰਿਵਾਰਾਂ ਅਤੇ ਧਨਾਢ ਲੋਕਾਂ ਦੀ ਸ਼ਿਕੰਜੇ 'ਚ ਫਸ ਚੁੱਕਾ ਹੈ। ਸੱਤਾ ਉੱਤੇ ਪਾਰਲੀਮੈਂਟ ਵਿਧਾਨ ਸਭਾਵਾਂ 'ਚੋਂ ਇਹਨਾਂ ਲੋਕਾਂ ਦੀ ਗਿਣਤੀ ਵੱਧ ਰਹੀ ਹੈ। ਆਮ ਨਾਗਰਿਕ ਜਿਵੇਂ ਸਿਰਫ਼ ਵੋਟਰ ਬਣ ਗਿਆ ਹੈ, ਜਿਸ ਨੂੰ ਜਿਵੇਂ-ਕਿਵੇਂ ਵੀ ਤਰੋੜਿਆ- ਮਰੋੜਿਆ ਜਾ ਰਿਹਾ ਹੈ। ਬਿਹਾਰ ਦਾ ਦ੍ਰਿਸ਼ ਇਵੇਂ ਦਾ ਹੀ ਰਿਹਾ। ਜਿੱਥੇ ਸੱਤਾ ਧਿਰ ਨੇ ਵੋਟਰਾਂ ਨੂੰ ਭਰਮਾਇਆ, ਵਿਰੋਧੀ ਧਿਰ ਨੇ ਵੀ ਵੋਟਰਾਂ ਨੂੰ ਸਾਧਣ ਲਈ ਜ਼ੋਰ ਲਾਇਆ। ਨਤੀਜੇ ਹੈਰਾਨੀਜਨਕ ਰਹੇ।

ਬਿਹਾਰ 'ਚ ਭਾਜਪਾ ਇਹਨਾਂ ਚੋਣਾਂ 'ਚ 20. 08% ਵੋਟਾਂ ਲੈ ਕੇ 89 ਸੀਟਾਂ ਜਿੱਤ ਗਈ। ਨਿਤੀਸ਼ ਕੁਮਾਰ ਦੀ ਸਿਆਸੀ ਧਿਰ 19.25 ਪ੍ਰਤੀਸ਼ਤ ਵੋਟਾਂ ਲੈ ਕੇ 85 ਸੀਟਾਂ ਜਿੱਤ ਗਈ। ਜਦ ਕਿ ਮਹਾਂਗਠਬੰਧਨ 31.7 ਪ੍ਰਤੀਸ਼ਤ (ਕਾਂਗਰਸ 8.7%, ਆਰਜੀਡੀ 23 ਪ੍ਰਤੀਸ਼ਤ) ਵੋਟਾਂ ਲੈ ਕੇ 35 ਸੀਟਾਂ ਤੱਕ ਸਿਮਟ ਗਿਆ।

ਲਾਲੂ ਪ੍ਰਸਾਦ ਯਾਦਵ ਦਾ ਜਨਤਾ ਦਲ 23 ਫ਼ੀਸਦੀ ਵੋਟਾਂ ਲੈ ਕੇ ਵੀ 25 ਸੀਟਾਂ ਲੈ ਜਾ ਸਕੀ, ਜਦ ਕਿ ਭਾਜਪਾ 20.8 ਪ੍ਰਤੀਸਤ ਲੈ ਕੇ ਵੀ 89 ਸੀਟਾਂ ਲੈ ਗਈ। ਇਸ ਚੋਣ ਨਤੀਜੇ ਨੇ ਹੈਰਾਨੀ ਵਧਾਈ ਹੈ। ਇਹ ਕਿਵੇਂ ਤੇ ਕਿਉਂ ਵਾਪਰਿਆ ਹੈਰਾਨੀਕੁਨ ਹੈ। ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ, ਕੋਈ ਸੀਟ ਨਾ ਜਿੱਤ ਸਕੀ। ਮੁਸਲਿਮ ਪਾਰਟੀ ਏ.ਆਈ.ਐਮ.ਆਈ.ਐਮ. ਨੇ 1.85 ਫ਼ੀਸਦੀ ਵੋਟਾਂ ਲਈਆਂ ਤੇ ਪੰਜ ਸੀਟਾਂ ਜਿੱਤੀਆਂ, ਪਰ ਮਹਾਂਗਠਬੰਧਨ ਦੀਆਂ ਕਾਫ਼ੀ ਸੀਟਾਂ 'ਤੇ ਜਿੱਤ ਨੂੰ ਪ੍ਰਭਾਵਿਤ ਕੀਤਾ। ਇਸ ਚੋਣ 'ਚ ਭਾਵੇਂ ਐਨ.ਡੀ.ਏ. ਨੇ ਵੱਡੀ ਜਿੱਤ ਪ੍ਰਾਪਤ ਕੀਤੀ ਪਰ ਆਮ ਲੋਕ ਸਮਰੱਥਨ ਰਾਸ਼ਟਰੀ ਜਨਤਾ ਦਲ (ਤੇਜਸਵੀ ਯਾਦਵ) ਦੇ ਹੱਕ ਚ ਅਰਥਾਤ ਮਹਾਂਗਠਬੰਧਨ ਦੇ ਹੱਕ 'ਚ ਰਿਹਾ।


ਪਰ ਇੱਕ ਗੱਲ ਸ਼ੀਸ਼ੇ ਵਾਂਗੂੰ ਸਾਫ਼ ਦਿਸਦੀ ਹੈ ਕਿ ਬਿਹਾਰ 'ਚ ਲੋਕਤੰਤਰ ਦਾ ਘਾਣ ਹੋਇਆ ਹੈ। ਸਾਮ, ਦਾਮ, ਦੰਡ ਦੀ ਸਿਆਸਤ ਮੁੜ ਉਭਾਰ 'ਤੇ ਰਹੀ ਹੈ, ਕਿਉਂਕਿ ਹਾਸ਼ੀਏ 'ਤੇ ਪਏ ਬਿਹਾਰ ਦੇ ਆਮ ਲੋਕ, ਲੋਕਾਂ ਦੇ ਪ੍ਰਤੀਨਿਧ ਬਣਨ 'ਚ ਕਾਮਯਾਬ ਨਹੀਂ ਹੋਏ। ਇਹ ਗੱਲ ਵੀ ਵੇਖਣੀ ਬਣਦੀ ਹੈ ਕਿ ਲੋਕਤੰਤਰ ਦੀ ਸਫ਼ਲਤਾ ਸਿਰਫ਼ ਚੋਣਾਂ ਕਰਵਾਉਣ ਅਤੇ ਸਰਕਾਰ ਬਣਾਉਣ ਤੱਕ ਸੀਮਤ ਨਹੀਂ ਹੈ। ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ, ਜੋ ਬਿਹਾਰ ਵਿੱਚ ਗਾਇਬ ਰਹੀ।

ਬਿਹਾਰ ਦੀ 33.76 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਇਹ ਦੇਸ਼ ਦੇ ਸਭ ਤੋਂ ਗਰੀਬ ਸੂਬਿਆਂ 'ਚੋਂ ਇੱਕ ਹੈ। ਬਿਹਾਰ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਦੇਸ਼ ਸਭ ਤੋਂ ਘੱਟ ਹੈ। ਸੂਬੇ 'ਚ ਨੌਕਰੀਆਂ ਦੀ ਘਾਟ ਹੈ। ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਸੁਵਿਧਾਵਾਂ 'ਚ ਵੱਡਾ ਪਾੜਾ ਹੈ। ਬਿਹਾਰ ਕਦੇ ਦੇਸ਼ 'ਚ ਸਿੱਖਿਆ ਦਾ ਸੂਚਕ ਸੀ, ਅੱਜ ਵਿਦਿਆਰਥੀਆਂ ਲਈ ਉੱਥੇ ਅਯੋਗ ਟੀਚਰ ਹਨ। ਲਾਈਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਟੀਚਰਾਂ ਰਹਿਤ ਕਾਲਜ ਅਤੇ ਸਕੂਲ, ਨਕਲ ਦਾ ਬੋਲਬਾਲਾ, ਬਾਕੀ ਨਤੀਜਿਆਂ 'ਚ ਹੇਰਾ-ਫੇਰੀ, ਬੇਕਾਰ ਜਾਅਲੀ ਡਿਗਰੀਆਂ ਬਿਹਾਰ ਦੀ ਸਿੱਖਿਆ ਦੀ ਪਛਾਣ ਬਣ ਚੁੱਕੀ ਹੈ। ਨੌਜਵਾਨਾਂ ਲਈ ਨੌਕਰੀਆਂ ਨਹੀਂ ਹਨ। ਇਸ ਅਸੰਤੋਸ਼ਜਨਕ ਸਥਿਤੀ 'ਚ ਬਿਹਾਰ ਦੀ ਵਿਰੋਧੀ ਧਿਰ ਬਦਲਾਅ ਦੀ ਸਥਿਤੀ ਪੈਦਾ ਨਹੀਂ ਕਰ ਸਕੀ, ਕੋਈ ਵਿਕਲਪ ਨਹੀਂ ਦੇ ਸਕੀ ਅਤੇ ਆਰ.ਐਸ.ਐਸ. ਅਤੇ ਭਾਜਪਾ ਦੇ ਲੋਕਾਂ ਵਿਚਲੀ ਜ਼ਮੀਨੀ ਪਕੜ ਅਤੇ ਵੋਟ-ਵਟੋਰੂ ਰਾਜਨੀਤੀ ਦਾ ਮੁਕਾਬਲਾ ਕਰਨ 'ਚ ਅਸਫ਼ਲ ਰਹੀ। ਜਿੱਤਣ ਲਈ ਪਾਰਟੀ ਦੇ ਨੇਤਾਵਾਂ ਜਾਂ ਉਮੀਦਵਾਰਾਂ ਤੋਂ ਜਿਆਦਾ ਪਾਰਟੀ ਸੰਗਠਨ ਅਤੇ ਪਾਰਟੀ ਵਰਕਰਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਅਰਥਾਤ ਜਿਸ ਕੋਲ ਸੰਗਠਨਾਤਮਕ ਤਾਕਤ ਹੈ, ਉਹ ਵੋਟਰਾਂ ਨੂੰ ਆਪਣੇ ਪੱਖ ਚ ਕਰ ਲੈਂਦਾ ਹੈ। ਭਾਜਪਾ ਤੇ ਨਿਤੀਸ਼ ਗਠਬੰਧਨ, ਆਪਣੀ ਸੰਗਠਨਾਤਮਕ ਤਾਕਤ, ਸਰਕਾਰੀ ਤਾਕਤ ਅਤੇ ਚੋਣ ਕਮਿਸ਼ਨ ਦੇ ਇੱਕ-ਪਾਸੜ ਵਤੀਰੇ ਨਾਲ ਬਿਹਾਰ ਹਥਿਆਇਆ ਗਿਆ।

ਬਿਹਾਰ ਦੀ ਜਨਤਾ ਨੇ ਸੂਬੇ 'ਚ ਮਜ਼ਬੂਤ ਵਿਰੋਧੀ ਧਿਰ ਲਈ ਵੋਟ ਨਹੀਂ ਦਿੱਤੀ। ਇਹੋ ਜਿਹੀ ਹਾਲਤ ਵਿੱਚ ਕੀ ਅਗਲੇ ਪੰਜਾਂ ਸਾਲਾਂ 'ਚ ਐਨ.ਡੀ.ਏ. ਸਰਕਾਰ ਆਪਣੇ ਵਾਅਦਿਆਂ ਨੂੰ ਪੂਰਿਆ ਕਰੇਗੀ ? ਕੀ ਉਹ ਲੋਕਾਂ ਪ੍ਰਤੀ ਜਵਾਬਦੇਹ ਰਹੇਗੀ ?

ਜਿਵੇਂ ਬਿਹਾਰ ਇਹਨਾਂ ਚੋਣਾਂ 'ਚ ਠੱਗਿਆ ਗਿਆ ਹੈ। ਉਸ ਪ੍ਰਤੀ ਜਵਾਬਦੇਹੀ ਅਤੇ ਜ਼ੁੰਮੇਵਾਰੀ ਅੱਗੋਂ ਜਨਤਾ ਦੀ ਹੋਵੇਗੀ। ਕੀ ਜਨਤਾ ਸਰਕਾਰੀ ਵਾਇਦੇ ਪੂਰੇ ਨਾ ਹੋਣ 'ਤੇ ਸਰਕਾਰ ਤੋਂ ਜਵਾਬਦੇਹੀ ਮੰਗੇਗੀ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਭਾਰਤ ਵਿੱਚ ਸੈਂਕੜੇ ਬਹਾਦਰ ਕ੍ਰਾਂਤੀਕਾਰੀਆਂ ਨੇ ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ, ਪਰ ਜੋ ਦਰਜ਼ਾ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਨੂੰ ਪ੍ਰਾਪਤ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਸਰਾਭਾ ਦੇ ਜੀਵਨ ਉੱਪਰ ਸੈਂਕੜੇ ਕਿਤਾਬਾਂ, ਲੇਖ, ਡਰਾਮੇ ਅਤੇ ਡਾਕੂਮੈਂਟਰੀਆਂ ਆਦਿ ਬਣ ਚੁੱਕੀਆਂ ਹਨ। ਉਸ ਨੇ ਛੋਟੀ ਜਿਹੀ ਉਮਰ ਵਿੱਚ ਹੀ ਭਾਰਤ ਦੇ ਰਾਜਨੀਤਕ ਖੇਤਰ ਵਿੱਚ ਤੂਫਾਨ ਲਿਆ ਦਿੱਤਾ ਸੀ। ਕਰਤਾਰ ਸਿੰਘ ਸਰਾਭਾ ਦਾ ਕ੍ਰਾਂਤੀਕਾਰੀਆਂ ਤੇ ਐਨਾ ਜਬਰਦਸਤ ਪ੍ਰਭਾਵ ਸੀ ਕਿ ਭਗਤ ਸਿੰਘ ਵੀ ਉਸ ਨੂੰ ਆਪਣਾ ਆਦਰਸ਼ ਅਤੇ ਗੁਰੂ ਮੰਨਦਾ ਸੀ ਤੇ ਉਸ ਦੀ ਫੋਟੋ ਹਮੇਸ਼ਾਂ ਆਪਣੇ ਕੋਲ ਰੱਖਦਾ ਸੀ।

ਅਜਿਹੇ ਸੂਰਮੇ ਦਾ ਜਨਮ 24 ਮਈ 1896 ਨੂੰ ਜਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਵਿੱਚ ਗਰੇਵਾਲ ਪਰਿਵਾਰ ਵਿੱਚ ਹੋਇਆ। ਉਹ ਪਿਤਾ ਸ. ਮੰਗਲ ਸਿੰਘ ਅਤੇ ਮਾਤਾ ਸਾਹਿਬ ਕੌਰ ਦਾ ਇਕਲੌਤਾ ਬੱਚਾ ਸੀ। ਛੋਟੀ ਉਮਰ ਵਿੱਚ ਹੀ ਉਸ ਦੇ ਪਿਤਾ ਦੀ ਮੌਤ ਹੋ ਗਈ ਤੇ ਉਸ ਦਾ ਪਾਲਣ ਪੋਸ਼ਣ ਉਸ ਦੇ ਦਾਦਾ ਜੀ ਨੇ ਕੀਤਾ ਸੀ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹਾਸਲ ਕਰਨ ਤੋਂ ਬਾਅਦ ਉਸ ਨੇ ਨੌਂਵੀਂ ਜ਼ਮਾਤ ਮਾਲਵਾ ਹਾਈ ਸਕੂਲ ਲੁਧਿਆਣਾ ਤੋਂ ਕੀਤੀ। ਇਸ ਤੋਂ ਬਾਅਦ ਉਹ ਆਪਣੇ ਇੱਕ ਰਿਸ਼ਤੇਦਾਰ ਕੋਲ ਉੜੀਸਾ ਚਲਾ ਗਿਆ। ਉਥੇ ਦਸਵੀਂ ਕਰਨ ਤੋਂ ਬਾਅਦ ਉਹ ਕਾਲਜ ਦੀ ਪੜ੍ਹਾਈ ਕਰਨ ਲੱਗਾ। ਉਹ ਸਾਹਿਤ ਪੜ੍ਹਨ ਦਾ ਬਹੁਤ ਸ਼ੌਕੀਨ ਸੀ। ਇਸ ਨਾਲ ਉਸ ਦੇ ਗਿਆਨ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ। ਜਦੋਂ ਉਹ ਪੰਦਰਾਂ ਸਾਲ ਦਾ ਸੀ ਤਾਂ ਕੰਮ ਕਾਰ ਦੀ ਭਾਲ ਵਿੱਚ ਜਨਵਰੀ 1912 ਨੂੰ ਸਾਨ ਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਉਥੇ ਉਸ ਨੇ ਵੇਖਿਆ ਕਿ ਇੰਮੀਗ੍ਰੇਸ਼ਨ ਵਾਲੇ ਭਾਰਤੀਆਂ ਨਾਲ ਬਹੁਤ ਸਖਤੀ ਕਰਦੇ ਸਨ। ਜਦ ਉਸ ਨੇ ਆਪਣੇ ਸਾਥੀ ਯਾਤਰੀ ਤੋਂ ਇਸ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਆਪਾਂ ਗੁਲਾਮ ਦੇਸ਼ ਦੇ ਵਾਸੀ ਹਾਂ, ਇਸ ਲਈ ਸਾਡੇ ਨਾਲ ਅਜਿਹਾ ਮਾੜਾ ਸਲੂਕ ਹੁੰਦਾ ਹੈ। ਇਹ ਗੱਲ ਸਰਾਭੇ ਦਾ ਕਲੇਜਾ ਚੀਰ ਗਈ। ਉਸ ਵੇਲੇ ਅਮਰੀਕਾ ਵਿੱਚ ਨਸਲਵਾਦ ਜ਼ੋਰਾਂ 'ਤੇ ਸੀ। ਭਾਰਤੀਆਂ ਨੂੰ ਬਲੈਕ ਮੈਨ ਕਹਿ ਕੇ ਪੁਕਾਰਿਆ ਜਾਂਦਾ ਸੀ। ਕਈ ਥਾਈਂ ਰੋਜ਼ਗਾਰ ਖੁੱਸਣ ਦੇ ਡਰੋਂ ਗੋਰਿਆਂ ਵੱਲੋਂ ਭਾਰਤੀ ਮਜ਼ਦੂਰਾਂ ਦੀ ਕੁੱਟ ਮਾਰ ਕੀਤੀ ਗਈ। ਸਰਾਭੇ ਦੇ ਮਨ ਵਿੱਚ ਇਹ ਗੱਲ ਘਰ ਕਰ ਗਈ ਕਿ ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਥਾਂ ਥਾਂ 'ਤੇ ਸਾਡੀ ਬੇਇੱਜ਼ਤੀ ਨਹੀਂ ਸੀ ਹੋਣੀ। ਸਰਾਭੇ ਨੇ ਕੈਲੋਫੋਰਨੀਆਂ ਯੂਨੀਵਰਸਿਟੀ, ਬਰਕਲੇ ਵਿੱਚ ਕੈਮਿਸਟਰੀ ਦੀ ਡਿਗਰੀ ਲੈਣ ਲਈ ਦਾਖਲਾ ਲੈ ਲਿਆ। ਉਹ ਆਪਣਾ ਖਰਚਾ ਚਲਾਉਣ ਲਈ ਖੇਤਾਂ ਅਤੇ ਬਾਗਾਂ ਵਿੱਚ ਮਜ਼ਦੂਰੀ ਕਰਦਾ ਸੀ।

2 1 ਅਪ੍ਰੈਲ 1913 ਨੂੰ ਅਮਰੀਕਾ ਵਿੱਚ ਵੱਸਦੇ ਕ੍ਰਾਂਤੀਕਾਰੀਆਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਹਥਿਆਰਬੰਦ ਘੋਲ ਰਾਹੀਂ ਅਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਅਗਵਾਈ ਹੇਠ ਗਦਰ ਪਾਰਟੀ ਦੀ ਸਥਾਪਨਾ ਕੀਤੀ। ਬਾਬਾ ਸੋਹਣ ਸਿੰਘ ਭਕਨਾ ਇਸ ਦਾ ਪਹਿਲਾ ਪ੍ਰਧਾਨ ਬਣਿਆ ਤੇ ਸਰਾਭਾ ਮੁੱਢਲਾ ਮੈਂਬਰ। ਗਦਰ ਦਾ ਸੁਨੇਹਾ ਘਰ ਘਰ ਪਹੁੰਚਾਉਣ ਲਈ ਪਾਰਟੀ ਨੇ ਗਦਰ ਦੀ ਗੂੰਜ ਨਾਮਕ ਅਖਬਾਰ ਕੱਢਿਆ ਜੋ ਪੰਜਾਬੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ ਅਤੇ ਪਸ਼ਤੋ ਭਾਸ਼ਾ ਵਿੱਚ ਛਪਦਾ ਸੀ। ਕਰਤਾਰ ਸਿੰਘ ਸਰਾਭਾ ਇਸ ਅਖਬਾਰ ਦਾ ਸਾਰਾ ਕੰਮ ਕਾਰ ਸੰਭਾਲਦਾ ਸੀ। ਇਸ ਵਿੱਚ ਅੰਗਰੇਜਾਂ ਵੱਲੋਂ ਭਾਰਤੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਭਾਂਡਾ ਭੰਨਿਆ ਜਾਂਦਾ ਸੀ। ਇਹ ਡਾਕ ਰਾਹੀਂ ਭਾਰਤ ਸਮੇਤ ਅਨੇਕਾਂ ਦੇਸ਼ਾਂ ਵਿੱਚ ਪਹੁੰਚਦਾ ਸੀ। ਇਸ ਅਖਬਾਰ ਰਾਹੀਂ ਦੇਸ਼ ਭਗਤਾਂ ਨੂੰ ਬਗਾਵਤ ਕਰਨ ਲਈ ਹਥਿਆਰ ਚਲਾਉਣ ਅਤੇ ਬੰਬ ਬਣਾਉਣ ਦੇ ਤਰੀਕੇ ਵੀ ਸਿਖਾਏ ਜਾਂਦੇ ਸਨ। ਕੁਝ ਹੀ ਸਮੇਂ ਵਿੱਚ ਗਦਰ ਪਾਰਟੀ ਭਾਰਤੀਆਂ ਵਿੱਚ ਮਸ਼ਹੂਰ ਹੋ ਗਈ। ਸੈਂਕੜੇ ਨੌਜਵਾਨ ਇਸ ਵੱਲ ਖਿੱਚੇ ਗਏ। 1914 ਵਿੱਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ ਤੇ ਇੰਗਲੈਂਡ ਜੰਗ ਵਿੱਚ ਬੁਰੀ ਤਰਾਂ ਉਲਝ ਗਿਆ। ਗਦਰ ਪਾਰਟੀ ਨੇ ਸੋਚਿਆ ਕਿ ਭਾਰਤ ਨੂੰ ਅਜ਼ਾਦ ਕਰਾਉਣ ਦਾ ਇਹ ਸੁਨਹਿਰੀ ਮੌਕਾ ਹੈ। ਗਦਰ ਅਖਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿੱਚ ਅੰਗਰੇਜੀ ਸ਼ਾਸਨ ਦੇ ਖਿਲਾਫ ਜੰਗ ਦਾ ਐਲਾਨ ਕਰ ਦਿੱਤਾ। ਇਸ ਅਖਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ ਅਤੇ ਫੌਜੀ ਛਾਉਣੀਆਂ ਵਿੱਚ ਵੰਡੀਆਂ ਗਈਆਂ। ਪਾਰਟੀ ਦੇ ਹੁਕਮ ਅਨੁਸਾਰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਣੂ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰ ਰਸਤੇ ਕਲਕੱਤਾ ਆਣ ਪਹੁੰਚੇ। ਵੱਖ ਵੱਖ ਰਸਤਿਆਂ ਰਾਹੀਂ ਹੋਰ ਵੀ ਸੈਂਕੜੇ ਗਦਰੀ ਭਾਰਤ ਆ ਗਏ। ਜਤਿਨ ਮੁਖਰਜੀ ਦੀ ਚਿੱਠੀ ਲੈ ਕੇ ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਕੇ ਮਿਲੇ। ਉਹਨਾਂ ਨੇ ਉਸ ਨੂੰ ਦੱਸਿਆ ਕਿ 20000 ਹੋਰ ਗਦਰੀ ਬਹੁਤ ਜਲਦੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫੀਆ ਵਿਭਾਗ ਵੱਲੋਂ ਗਦਰੀਆਂ ਦੀਆਂ ਸਰਗਰਮੀਆਂ ਬਾਰੇ ਖਬਰਾਂ ਲਗਾਤਾਰ ਅੰਗਰੇਜ਼ ਹਕੂਮਤ ਨੂੰ ਭੇਜਣ ਕਾਰਨ ਬਹੁਤੇ ਗਦਰੀ ਬੰਦਰਗਾਹਾਂ 'ਤੇ ਹੀ ਪਕੜੇ ਗਏ।



ਕਰਤਾਰ ਸਿੰਘ ਸਰਾਭਾ ਨੇ ਭਾਰਤ ਪਹੁੰਚ ਕੇ ਪਾਰਟੀ ਵਾਸਤੇ ਬਹੁਤ ਮਿਹਨਤ ਕੀਤੀ। ਕਦੀ ਉਹ ਬਗਾਵਤ ਲਈ ਫੌਜੀਆਂ ਨੂੰ ਮਿਲਣ ਛਾਉਣੀਆਂ ਵਿੱਚ ਜਾਂਦਾ ਤੇ ਕਦੇ ਹਥਿਆਰ ਖਰੀਦਣ ਲਈ ਕਲਕੱਤਾ ਪਹੁੰਚ ਜਾਂਦਾ। ਪਰ ਸਭ ਤੋਂ ਵੱਡੀ ਮੁਸ਼ਕਲ ਪੈਸੇ ਦੀ ਆ ਰਹੀ ਸੀ। ਇਸ ਦਾ ਹੱਲ ਕਰਨ ਵਾਸਤੇ ਗਦਰ ਪਾਰਟੀ ਦੀ ਇੱਕ ਮੀਟਿੰਗ ਲੁਧਿਆਣੇ ਨੇੜੇ ਲਾਡੋਵਾਲ ਪਿੰਡ ਵਿੱਚ ਹੋਈ। ਪੈਸੇ ਦੀ ਕਮੀ ਦੂਰ ਕਰਨ ਲਈ ਅਮੀਰਾਂ ਅਤੇ ਸਰਕਾਰੀ ਝੋਲੀ ਚੁੱਕਾਂ ਕੋਲੋਂ ਜਬਰਦਸਤੀ ਪੈਸੇ ਉਗਰਾਹੁਣ ਦਾ ਮਤਾ ਉਲੀਕਿਆ ਗਿਆ। ਇਸ ਕੰਮ ਨਾਲ ਗਦਰ ਪਾਰਟੀ ਨੂੰ ਉਲਟਾ ਨੁਕਸਾਨ ਹੀ ਹੋਇਆ। ਸਰਕਾਰ ਨੇ ਉਹਨਾਂ ਨੂੰ ਡਾਕੂ ਲੁਟੇਰੇ ਕਹਿ ਕੇ ਬਦਨਾਮ ਕਰ ਦਿੱਤਾ। ਸਾਰੇ ਅਮੀਰ, ਜ਼ੈਲਦਾਰ, ਸਫੈਦਪੋਸ਼ ਅਤੇ ਪੁਲਿਸ ਹੱਥ ਧੋ ਕੇ ਗਦਰੀਆਂ ਪਿੱਛੇ ਪੈ ਗਏ। 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸਰਾਭਾ ਆਪਣੇ ਸਾਥੀਆਂ ਸਮੇਤ ਉਸ ਨੂੰ ਜਾ ਕੇ ਮਿਲਿਆ। 12 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਸਲਾਹ ਕੀਤੀ ਗਈ ਕਿ 21 ਫਰਵਰੀ ਨੂੰ ਬਗਾਵਤ ਕੀਤੀ ਜਾਵੇ। ਇਹ ਫੈਸਲਾ ਕੀਤਾ ਗਿਆ ਕਿ ਫਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲੇ ਦੀਆਂ ਛਾਉਣੀਆਂ ਵਿੱਚ ਬਗਾਵਤ ਕਰਵਾਈ ਜਾਵੇਗੀ। ਸਰਾਭੇ ਨੂੰ ਗੱਦਾਰ ਕਿਰਪਾਲ ਸਿੰਘ ਦੀਆਂ ਸਰਗਰਮੀਆਂ 'ਤੇ ਸ਼ੱਕ ਹੋ ਗਿਆ ਸੀ। ਇਸ ਲਈ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਉਸ ਨੇ ਗਦਰ ਦੀ ਤਾਰੀਖ 19 ਫਰਵਰੀ ਕਰ ਦਿੱਤੀ।

ਪਰ ਘਰ ਦੇ ਭੇਤੀ ਕਿਰਪਾਲ ਸਿੰਘ ਨੇ ਸਰਕਾਰ ਨੂੰ ਸਾਰੀ ਗੱਲ ਜਾ ਦੱਸੀ ਤੇ ਗਦਰ ਅਸਫਲ ਹੋ ਗਿਆ। ਕਰਤਾਰ ਸਿੰਘ ਸਰਾਭਾ ਮਿਥੇ ਸਮੇ 'ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ ਤੇ ਆਪਣੇ ਫੌਜੀ ਸਾਥੀਆਂ ਨੂੰ ਬਗਾਵਤ ਕਰਨ ਵਾਸਤੇ ਕਿਹਾ। ਪਰ 19 ਫਰਵਰੀ ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫਤਾਰ ਕਰ ਲਏ ਗਏ ਸਨ ਤੇ ਸਾਰੀਆਂ ਸ਼ੱਕੀ ਦੇਸੀ ਪਲਟਣਾਂ ਨੂੰ ਹਥਿਆਰ ਰਹਿਤ ਕਰ ਦਿੱਤਾ ਗਿਆ ਸੀ। ਇਸ ਲਈ ਫੌਜੀਆਂ ਨੇ ਬਗਾਵਤ ਕਰਨ ਤੋਂ ਇਨਕਾਰ ਕਰ ਦਿੱਤਾ। ਟੁੱਟੇ ਦਿਲ ਨਾਲ ਬੜੀ ਮੁਸ਼ਕਲ ਬਚ ਕੇ ਸਰਾਭਾ ਰਾਸ ਬਿਹਾਰੀ ਬੋਸ ਕੋਲ ਲਾਹੌਰ ਪਹੁੰਚਿਆ। ਇਸ ਦੁੱਖ ਦਾ ਮਾਰਿਆ ਉਹ ਕਈ ਦਿਨ ਮੰਜੇ 'ਤੋਂ ਨਾ ਉੱਠ ਸਕਿਆ। ਜਿਹੜੇ ਗਦਰੀ ਗ੍ਰਿਫਤਾਰੀ ਤੋਂ ਬਚ ਗਏ, ਉਹਨਾਂ ਨੂੰ ਹੁਕਮ ਹੋਇਆ ਕਿ ਉਹ ਦੇਸ਼ ਛੱਡ ਦੇਣ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਸਤਾਨ ਨੂੰ ਚੱਲ ਪਏ। ਪਰ ਰਸਤੇ ਵਿੱਚ ਸਰਾਭੇ ਦਾ ਮਨ ਬਦਲ ਗਿਆ। ਸਾਥੀਆਂ ਨੂੰ ਜੇਹਲਾਂ ਵਿੱਚ ਸੜਨ ਲਈ ਛੱਡ ਕੇ ਭੱਜਣ ਨੂੰ ਉਸ ਦਾ ਮਨ ਨਾ ਮੰਨਿਆਂ ਤੇ ਉਹ ਵਾਪਸ ਮੁੜ ਆਇਆ। 2 ਮਾਰਚ 1915 ਨੂੰ ਸਾਥੀਆਂ ਸਮੇਤ ਗਦਰ ਦਾ ਪ੍ਰਚਾਰ ਕਰਨ ਲਈ ਉਹ ਸਰਗੋਧਾ ਛਾਉਣੀ ਪਹੁੰਚ ਗਿਆ। ਰਸਾਲਦਾਰ ਗੰਡਾ ਸਿੰਘ ਦੀ ਮੁਖਬਰੀ 'ਤੇ ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਗ੍ਰਿਫਤਾਰ ਕਰ ਲਏ ਗਏ।

ਜਦੋਂ ਮੁਕੱਦਮਾ ਚੱਲਿਆ ਤਾਂ ਜੱਜ ਉਸ ਦੀ ਵਿਦਵਤਾ ਤੋਂ ਬਹੁਤ ਪ੍ਰਭਾਵਿਤ ਹੋਇਆ। 13 ਸਤੰਬਰ 1915 ਨੂੰ ਸੈਂਟਰਲ ਜੇਲ ਲਾਹੌਰ ਵਿਖੇ ਲੱਗੀ ਸਪੈਸ਼ਲ ਅਦਾਲਤ ਨੇ ਲਾਹੌਰ ਸਾਜਿਸ਼ ਕੇਸ ਵਿੱਚ 63 ਗਦਰੀਆਂ ਦਾ ਫੈਸਲਾ ਸੁਣਾਇਆ। ਸਰਾਭਾ ਸਾਰੇ ਗਦਰੀਆਂ ਨਾਲੋਂ ਛੋਟੀ ਉਮਰ ਦਾ ਸੀ। ਉਸ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਜੱਜ ਨੇ ਆਪਣੇ ਫੈਸਲੇ ਵਿੱਚ ਲਿਖਿਆ, " ਸਾਰੇ ਗਦਰੀਆਂ ਵਿੱਚ ਕਰਤਾਰ ਸਿੰਘ ਸਰਾਭਾ ਸਭ ਤੋਂ ਜਿਆਦਾ ਖਤਰਨਾਕ ਹੈ। ਇਸ ਨੂੰ ਆਪਣੇ ਕੀਤੇ ਕੰਮਾਂ 'ਤੇ ਸਭ ਨਾਲੋਂ ਜਿਆਦਾ ਮਾਣ ਹੈ। ਇਸ 'ਤੇ ਕਿਸੇ ਵੀ ਤਰਾਂ ਦਾ ਕੋਈ ਰਹਿਮ ਨਾ ਕੀਤਾ ਜਾਵੇ। ਅਮਰੀਕਾ ਤੋਂ ਲੈ ਕੇ ਭਾਰਤ ਤੱਕ ਸਾਜਿਸ਼ ਦਾ ਕੋਈ ਅਜਿਹਾ ਭਾਗ ਨਹੀਂ ਜਿਸ ਵਿੱਚ ਇਸ ਨੇ ਹਿੱਸਾ ਨਾ ਲਿਆ ਹੋਵੇ।" ਮੁਕੱਦਮੇ ਦੌਰਾਨ ਕਰਤਾਰ ਸਿੰਘ ਸਰਾਭਾ ਨੇ ਆਪਣੇ ਬਿਆਨ ਵਿੱਚ ਗਦਰ ਦੀ ਯੋਜਨਾ ਦੇ ਹਰ ਪਹਿਲੂ 'ਤੇ ਚਾਨਣਾ ਪਾਇਆ ਅਤੇ ਆਪਣੀ ਸ਼ਮੂਲੀਅਤ ਬਾਰੇ ਖੁਦ ਇਕਬਾਲ ਕੀਤਾ। ਉਸ ਨੇ ਜੱਜ ਦੇ ਪੁੱਛਣ 'ਤੇ ਕਿ ਕੀ ਉਹ ਜਾਣਦਾ ਹੈ ਕਿ ਇਸ ਇਕਬਾਲੀਆ ਬਿਆਨ ਦਾ ਫੈਸਲੇ 'ਤੇ ਕੀ ਅਸਰ ਹੋਵੇਗਾ ? ਕਰਤਾਰ ਸਿੰਘ ਨੇ ਹੱਸ ਕੇ ਕਿਹਾ, " ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉਨੀਂ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। " 16 ਨਵੰਬਰ 1915 ਨੂੰ 19 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਉਸ ਨੂੰ ਲਾਹੌਰ ਜੇਲ ਵਿੱਚ ਫਾਂਸੀ 'ਤੇ ਲਟਕਾ ਦਿੱਤਾ ਗਿਆ।

ਉਹ ਬਹੁਤ ਵਧੀਆ ਲਿਖਾਰੀ ਸੀ। ਉਸ ਨੇ ਗਦਰ ਦਾ ਪ੍ਰਚਾਰ ਕਰਨ ਲਈ ਸੈਂਕੜੇ ਲੇਖ ਲਿਖੇ। ਇਹ ਵਿਸ਼ਵ ਪ੍ਰਸਿੱਧ ਕ੍ਰਾਂਤੀਕਾਰੀ ਗੀਤ ਉਸ ਦਾ ਹੀ ਲਿਖਿਆ ਹੋਇਆ ਹੈ,

" ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਹਨਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ "

ਇਹ ਗੀਤ ਕ੍ਰਾਂਤੀਕਾਰੀਆਂ ਲਈ ਕੁਰਬਾਨੀ ਅਤੇ ਦੇਸ਼ ਭਗਤੀ ਦਾ ਰਾਹ ਦਸੇਰਾ ਬਣ ਗਿਆ ਸੀ। ਨਾਨਕ ਸਿੰਘ ਨੇ ਸਰਾਭਾ ਦੀ ਜ਼ਿੰਦਗੀ 'ਤੇ ਨਾਵਲ ' ਇੱਕ ਮਿਆਨ ਦੋ ਤਲਵਾਰਾਂ ' ਲਿਖਿਆ ਹੈ। ਪਿੰਡ ਸਰਾਭੇ ਵਿੱਚ ਸ਼ਹੀਦ ਦਾ ਜੱਦੀ ਘਰ ਅਜੇ ਵੀ ਮੌਜੂਦ ਹੈ। ਪਰਿਵਾਰ ਵੱਲੋਂ ਇਸ ਮਕਾਨ ਨੂੰ ਕੌਮੀ ਸਮਾਰਕ ਦਾ ਦਰਜ਼ਾ ਦਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਸ਼ਹੀਦ ਦੀ ਯਾਦ ਵਿੱਚ ਪਿੰਡ ਵਿਖੇ ਦੋ ਏਕੜ ਜਗ੍ਹਾ ਵਿੱਚ ਉਸ ਦਾ ਸ਼ਾਨਦਾਰ ਬੁੱਤ, ਅਧੁਨਿਕ ਲਾਇਬ੍ਰੇਰੀ ਅਤੇ ਪਾਰਕ ਬਣਿਆ ਹੋਇਆ ਹੈ।



ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ
ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਸੇਵਕ ਕਉ ਸੇਵਾ ਬਨਿ ਆਈ




ਜਗਦੇਵ ਸਿੰਘ ਸਿੱਧੂ

ਉਹ ਕੈਮਰੇ, ਕਲਮ, ਦ੍ਰਿਸ਼ਟੀ ਅਤੇ ਪ੍ਰੇਰਣਾ ਨਾਲ ਦੁਨੀਆਂ ਭਰ ਵਿੱਚ ਵਸਦੇ ਪੰਜਾਬੀ ਪਿਆਰਿਆਂ ਅੰਦਰ ਪੁਨਰ-ਜਾਗ੍ਰਤੀ ਦਾ ਕੰਮ ਕਰਦਾ ਆ ਰਿਹਾ ਹੈ। 1946 ਵਿੱਚ ਜਨਮੇ ਜੈਤੇਗ ਸਿੰਘ ਅਨੰਤ ਨੇ 1968 ਤੋਂ 'ਜਥੇਦਾਰ' ਨਾਮਕ ਅਖ਼ਬਾਰ ਵਿੱਚ ਲਿਖਣਾ ਸ਼ੁਰੂ ਕੀਤਾ, ਲੰਮਾ ਚਿਰ ਅਕਾਲੀ ਪੱਤ੍ਰਿਕਾ ਸਮੇਤ ਨਵਾਂ ਜ਼ਮਾਨਾ ਵਰਗੇ ਅਖ਼ਬਾਰਾਂ ਵਿੱਚ ਛਪਦਾ ਰਿਹਾ ਅਤੇ ਨਾਲੋ-ਨਾਲ ਫੋਟੋ-ਪੱਤਰਕਾਰੀ ਦਾ ਮੁੱਖ ਪੇਸ਼ਾ ਬਾ-ਖ਼ੂਬੀ ਨਿਭਾਉਂਦਾ ਆ ਰਿਹਾ ਹੈ। 2005 ਵਿੱਚ ਪੂਰਨ ਗੁਰ ਸਿੱਖ, ਪ੍ਰੇਰਨਾ-ਸਰੋਤ ਪਿਤਾ ਜੀ, ਸਰਦਾਰ ਹਰਚਰਨ ਸਿੰਘ ਦੇ ਅਕਾਲ ਚਲਾਣੇ ਤੋਂ ਮਗਰੋਂ ਕਲਮ ਵੱਲ ਜ਼ੋਰਦਾਰ ਮੋੜਾ ਖਾਧਾ। ਫੇਰ 2008 ਤੋਂ ਗੋਡਿਆਂ ਦੀ ਤਕਲੀਫ਼ ਦੇ ਕਾਰਨ ਖੂੰਡੀ ਫੜ ਲਈ ਅਤੇ ਦ੍ਰਿੜ੍ਹ ਇਰਾਦਾ ਧਾਰ ਕੇ ਦੇਸ਼-ਦੇਸ਼ਾਂਤਰਾਂ ਦੇ ਲੰਮੇ ਪੈਂਡਿਆਂ ਤੇ ਚੜ੍ਹ ਤੁਰਿਆ। ਸਿੱਖ ਧਰਮ ਦੇ ਸਰਵ ਹਿਤਕਾਰੀ ਅਸੂਲਾਂ ਨੂੰ ਪ੍ਰਣਾਇਆ ਹੋਇਆ ਗੁਰੂ ਦਾ ਇਹ ਸਿੱਖ ਭਾਈ ਸਾਹਿਬ ਭਾਈ ਰਣਧੀਰ ਸਿੰਘ, ਸਿਰਦਾਰ ਕਪੂਰ ਸਿੰਘ, ਮਾਸਟਰ ਤਾਰਾ ਸਿੰਘ, ਆਰਟਿਸਟ ਸੋਭਾ ਸਿੰਘ, ਪ੍ਰੋ. ਪੂਰਨ ਸਿੰਘ, ਗਿਆਨੀ ਨਾਹਰ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਬਲਰਾਜ ਸਾਹਨੀ ਅਤੇ ਬਲਵੰਤ ਗਾਰਗੀ ਸਮੇਤ ਹਰੇਕ ਖੇਤਰ ਦੀਆਂ ਮਹਾਨ ਹਸਤੀਆਂ ਤੋਂ ਗਿਆਨ ਅਤੇ ਤਜਰਬਾ ਹਾਸਲ ਕਰਦਾ ਹੋਇਆ ਨਿਵੇਕਲੇ ਪੈਂਡਿਆਂ ਦਾ ਅਣਥੱਕ ਰਾਹੀ ਬਣ ਤੁਰਿਆ। ਮਿਥ ਲਿਆ ਕਿ ਜੋ ਮਹਾਨ ਵਿਰਸਾ ਅਣਗੌਲਿਆ ਜਾ ਰਿਹਾ ਹੈ, ਉਸ ਨੂੰ ਸਾਕਾਰ ਕਰ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿੱਚ ਪਰੋਸਣਾ ਹੈ। ਜਦੋਂ ਇਸ ਕਾਰਜ ਦਾ ਬੀੜਾ ਚੁੱਕਿਆ ਤਾਂ ਵਿਸ਼ਾ-ਮਾਹਿਰ ਲੇਖਕਾਂ, ਵਿਦਵਾਨਾਂ ਤੋਂ ਰਚਨਾਵਾਂ ਲਿਖਵਾ ਕੇ ਜਾਂ ਇਕੱਠੀਆਂ ਕਰ ਕੇ, ਖ਼ੁਦ ਮਿਆਰੀ ਵਾਰਤਕ ਲਿਖਕੇ ਪੁਸਤਕਾਂ ਦੇ ਸੰਪਾਦਨ / ਪ੍ਰਕਾਸ਼ਨ ਵਿੱਚ ਜੁਟ ਗਏ। ਹੁਣ ਤਕ ਡੇਢ ਦਰਜਨ ਪੁਸਤਕਾਂ ਛਪਵਾਉਣ ਤੋਂ ਇਲਾਵਾ ਕੁਛ ਹੋਰ ਪੁਸਤਕਾਂ ਪ੍ਰਕਾਸ਼ਨ ਅਧੀਨ ਹਨ ਅਤੇ ਕੁਛ ਹੋਰ ਲਿਖੀਆਂ ਜਾ ਰਹੀਆਂ ਹਨ। ਪਿੱਛੇ ਜਿਹੇ ਉਸ ਦੀ ਸੰਪਾਦਿਤ ਕੀਤੀ ਪੁਸਤਕ-ਰਾਮਗੜ੍ਹੀਆ ਵਿਰਾਸਤ-ਦੀ ਕੌਫ਼ੀ ਟੇਬਲ ਪੁਸਤਕ ਵਜੋਂ ਭਰਪੂਰ ਚਰਚਾ ਅਤੇ ਸ਼ਲਾਘਾ ਹੋਈ ਹੈ।

ਜਦੋਂ ਉਹ ਦੁਨੀਆਂ ਭਰ ਦੇ ਦੂਰ ਦੁਰਾਡੇ ਦੇਸ਼ਾਂ ਵਿੱਚ ਵਸਦੇ ਵਿਸ਼ਾ-ਮਾਹਿਰਾਂ, ਲੇਖਕਾਂ ਜਾਂ ਪੱਤਰਕਾਰਾਂ ਨੂੰ ਲਿਖਣ ਲਈ ਪ੍ਰੇਰਦਾ ਹੈ ਤਾਂ ਉਸ ਦੀ ਮਿਕਨਾਤੀਸੀ ਸ਼ਖ਼ਸੀਅਤ, ਮਿੱਠੀ ਬਾਣੀ ਅਤੇ ਹਲੀਮੀ ਭਰੀ ਬੇਨਤੀ ਉਨ੍ਹਾਂ ਦੀਆਂ ਕਲਮਾਂ ਨੂੰ ਬਹੁ ਮੁੱਲੇ ਪ੍ਰਸੰਗ ਲਿਖਣ ਦੇ ਆਹਰੇ ਲਾ ਦਿੰਦੀ ਹੈ। ਨਾਮਵਰ ਦਾਨਿਸ਼ਵਰਾਂ, ਇਤਿਹਾਸਕਾਰਾਂ, ਪੱਤਰਕਾਰਾਂ ਤੇ ਬੁੱਧੀਜੀਵੀਆਂ ਤੋਂ ਮੋਤੀ ਇਕੱਠੇ ਕਰ ਕੇ ਪੁਸਤਕਾਂ ਵਿੱਚ ਪ੍ਰੋ ਦਿੰਦਾ ਹੈ। ਜਦੋਂ ਉਹ ਲਹਿੰਦੇ ਪੰਜਾਬ ਵਿੱਚ ਜਾ ਕੇ ਦਰਿਆਫ਼ਤ ਕਰਦਾ ਹੈ ਤਾਂ ਸ਼ਬਦਾਂ ਦੀਆਂ ਸੱਤੇ ਖ਼ੈਰਾਂ ਉਸ ਦੀ ਝੋਲੀ ਆ ਪੈਂਦੀਆਂ ਹਨ।

ਇਸ ਸੱਚੇ-ਸੁੱਚੇ ਸਿੱਖ ਪਾਂਧੀ ਨੂੰ ਸਾਰੇ ਧਰਮ ਸਤਿਕਾਰਯੋਗ ਹਨ। ਜਿਵੇਂ ਉਹ ਕੈਮਰੇ ਉੱਤੇ ਇੱਕ ਅੱਖ ਟਿਕਾ ਕੇ ਬ੍ਰਹਿਮੰਡ ਦੀਆਂ ਸ਼ਾਨਦਾਰ ਉਤਪਤੀਆਂ ਅਤੇ ਕਾਲ ਨੂੰ ਸਜੀਵ ਕਰਨ ਲਈ ਸਮੇਂ ਨੂੰ ਆਪਣਾ ਅਕਸ ਦੇਖਣ ਵਾਸਤੇ ਪਲ-ਛਿਣ ਰੁਕਣ ਲਈ ਮਜਬੂਰ ਕਰ ਦਿੰਦਾ ਹੈ, ਇਵੇਂ ਹੀ ਉਹ ਸਮੁੱਚੀ ਮਨੁੱਖਤਾ ਨੂੰ- ਸਾਰੇ ਧਰਮਾਂ, ਵਰਗਾਂ, ਫਿਰਕਿਆਂ, ਕੌਮਾਂ ਤੇ ਕਬੀਲਿਆਂ ਨੂੰ- ਬਿਨਾ ਕਿਸੇ ਭੇਦ-ਭਾਵ ਜਾਂ ਵਿਤਕਰੇ ਤੋਂ ਇੱਕੋ ਅੱਖ ਨਾਲ ਵੇਖਦਾ ਹੈ। ਉਸ ਦੇ ਪਿਤਾ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੱਕੇ ਸ਼ਰਧਾਲੂ ਤੇ ਨਿਕਟਵਰਤੀ ਸਨ ਜਿਨ੍ਹਾਂ ਤੋਂ ਸਿੱਖੀ ਦੇ ਸੰਸਕਾਰ ਵਿਰਸੇ ਵਿੱਚ ਮਿਲੇ। ਏਹੀ ਸੰਸਕਾਰ ਉਨ੍ਹਾਂ ਦੇ ਇਰਾਦੇ, ਸੰਕਲਪ, ਸੇਵਾ-ਭਾਵਨਾ ਅਤੇ ਸਮੂਹ ਜੀਵਨ-ਕਾਰਜਾਂ ਦਾ ਧੁਰਾ ਹਨ।

ਜੈਤੇਗ ਸਿੰਘ ਗਿਆਨ ਦਾ ਚਾਨਣ ਖਿਲਾਰਨ ਹਿਤ ਸਾਰੇ ਢੰਗ-ਤਰੀਕੇ ਅਪਨਾਉਂਦਾ ਹੈ। ਕਿਸੇ ਵੇਲੇ ਉਹ ਦੇਸ਼ ਦੇ ਕਈ ਸ਼ਹਿਰਾਂ ਅਤੇ ਵਿਦੇਸ਼ਾਂ ਵਿੱਚ ਜਾ ਕੇ ਆਪਣੀਆਂ ਮੌਲਿਕ ਕਲਾ ਕਿਰਤੀਆਂ / ਫੋਟੋਆਂ ਦੀਆਂ ਪ੍ਰਦਰਸ਼ਨੀਆਂ ਲਾਉਂਦਾ ਰਿਹਾ ਹੈ। ਤਸਵੀਰਕਾਰੀ ਵਿੱਚ ਉਸ ਦੀ ਮੁਹਾਰਤ ਨੂੰ ਅੰਤਰ ਰਾਸ਼ਟਰੀ ਸ਼ੁਹਰਤ ਪ੍ਰਾਪਤ ਹੈ। ਇਸ ਕਲਾ ਨੂੰ ਮੁੱਖ ਤੌਰ ਤੇ ਸਿੱਖੀ ਅਸੂਲਾਂ ਦਾ ਪਰਚਾਰ ਕਰਨ ਦਾ ਅਸਰਦਾਰ ਜ਼ਰੀਆ ਬਣਾਉਂਦਾ ਹੈ। ਇਸ ਤੋਂ ਇਲਾਵਾ ਇਤਿਹਾਸ ਨਾਲ ਸਬੰਧਤ ਕਾਨਫਰੰਸਾਂ ਕਰਵਾਉਂਦਾ ਹੈ, ਅਣਗੌਲੀਆਂ ਮਹਾਨ ਹਸਤੀਆਂ ਦੇ ਸਨਮਾਨ ਵਿੱਚ ਸਮਾਗਮਾਂ ਦਾ ਆਯੋਜਨ ਕਰਦਾ ਹੈ, ਪੁਸਤਕਾਂ ਦੀ ਘੁੰਡ-ਚੁਕਾਈ ਦੇ ਬਹਾਨੇ ਪੰਜਾਬੀ ਤੇ ਸਿੱਖੀ ਨੂੰ ਪ੍ਰਣਾਈਆਂ ਸ਼ਖ਼ਸੀਅਤਾਂ ਨੂੰ ਨਕਦ ਰਾਸ਼ੀ ਤੇ ਸਨਮਾਨ ਚਿੰਨ੍ਹ ਦੇ ਕੇ ਨਿਵਾਜਦਾ ਹੈ। ਵਿਸਰ ਰਹੇ ਅਦੀਬਾਂ ਦੇ ਨਾਂ ਤੇ ਐਵਾਰਡ ਰਖਦਾ ਹੈ ਜਿਵੇਂ ਪ੍ਰਸਿੱਧ ਕਵੀ ਤੇ ਦਾਰਸ਼ਨਿਕ ਪੂਰਨ ਸਿੰਘ ਦੀ ਯਾਦ ਵਿੱਚ , ਦਰਸ਼ਨ ਸਿੰਘ ਫੇਰੂਮਾਨ ਅਤੇ ਹੋਰ ਵਿਅੱਕਤੀਆਂ ਦੇ ਨਾਵਾਂ ਹੇਠ ਐਵਾਰਡ। ਜਿਹੜੇ ਵਿਅੱਕਤੀਆਂ ਨੂੰ ਐਵਾਰਡ ਦੇ ਕੇ ਸਨਮਾਨਤ ਕੀਤਾ ਹੈ ਉਨ੍ਹਾਂ ਦਾ ਵੇਰਵਾ ਇਉਂ ਹੈ - ਡਾ. ਬਲਬੀਰ ਸਿੰਘ ਦਿਲ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਯਾਦਗਾਰੀ ਐਵਾਰਡ, ਚੰਡੀਗੜ੍ਹ, ਪ੍ਰੋ. ਅਵਤਾਰ ਸਿੰਘ ਨੂੰ ਸਿਰਦਾਰ ਕਪੂਰ ਸਿੰਘ ਯਾਦਗਾਰੀ ਐਵਾਰਡ, ਪ੍ਰੋ. ਕ੍ਰਿਪਾਲ ਸਿੰਘ ਕਸੇਲ ਨੂੰ ਬਾਬਾ ਰਾਮ ਸਿੰਘ ਯਾਦਗਾਰੀ ਐਵਾਰਡ, ਬੀਬੀ ਕਿਰਨਜੋਤ ਕੌਰ ਨੂੰ ਮਾਸਟਰ ਤਾਰਾ ਸਿੰਘ ਯਾਦਗਾਰੀ ਐਵਾਰਡ, ਸਰਦਾਰ ਤਰਲੋਚਨ ਸਿੰਘ ਨੂੰ ਡਾ. ਮਥਰਾ ਸਿੰਘ ਯਾਦਗਾਰੀ ਐਵਾਰਡ ਅਤੇ ਅਸ਼ਵਨੀ ਵਰਮਾ ਨੂੰ ਐਸ.ਐਲ. ਪ੍ਰਾਸ਼ਰ ਯਾਦਗਾਰੀ ਐਵਾਰਡ। ਹੋਰ ਤਾਂ ਹੋਰ, ਲਹਿੰਦੇ ਪੰਜਾਬ ਫੇਰੀਆਂ ਪਾ ਕੇ ਪੱਲਿਓਂ ਰਾਸ਼ੀ ਖ਼ਰਚ ਕੇ ਗੁਰਮੁਖੀ ਪ੍ਰੇਮੀਆਂ ਨੂੰ ਅਜਿਹੇ ਐਵਾਰਡਾਂ ਨਾਲ ਨਿਵਾਜਣ ਲਈ ਵੱਡੇ ਸਮਾਗਮ ਕਰਦਾ ਹੈ। ਲਹਿੰਦੇ ਪੰਜਾਬ ਤੋਂ ਮਹੀਨਾਵਾਰ 'ਲਹਿਰਾਂ' ਵਰਗੇ ਰਿਸਾਲੇ ਨੂੰ ਗੁਰਮੁਖੀ ਵਿੱਚ ਛਪਦੇ ਰਹਿਣ ਲਈ ਧਨ, ਫੋਟੋਆਂ, ਪਾਠਕ ਤੇ ਹੋਰ ਸਾਧਨ ਮੁਹੱਈਆ ਕਰ ਕੇ ਮਾਂ-ਬੋਲੀ ਦੀ ਅਦੁਤੀ ਸੇਵਾ ਕਰ ਰਿਹਾ ਹੈ। ਪਾਕਿਸਤਾਨੀ ਅਦੀਬ ਉਸ ਦੇ ਕੰਮ ਤੋਂ ਬਹੁਤ ਮੁਤਾਸਰ ਹਨ। ਉਸਤਾਦ ਦਾਮਨ ਦੀ ਸੌਵੀਂ ਵਰ੍ਹੇਗੰਢ ਤੇ 2009 ਵਿਚ ਲਾਹੌਰ ਜਾ ਕੇ ਆਪਣੇ ਦੁਆਰਾ ਸੰਪਾਦਿਤ ਪੁਸਤਕ 'ਬੇਨਿਆਜ਼ ਹਸਤੀ-ਉਸਤਾਦ ਦਾਮਨ ' ਯਾਦਗਾਰੀ ਸਮਾਗਮ ਵਿੱਚ ਲੋਕ-ਅਰਪਣ ਕਰਦਾ ਹੈ। ਇਸ ਪੁਸਤਕ ਨੂੰ ਸ਼ਾਹਮੁਖੀ ਤੋਂ ਇਲਾਵਾ ਗੁਰਮੁਖੀ ਵਿੱਚ ਵੀ ਛਪਵਾਉਂਦਾ ਹੈ। ਪਾਕਿਸਤਾਨੀ ਅਦੀਬਾਂ, ਕਲਾਕਾਰਾਂ, ਸਾਹਿਤਕਾਰਾਂ ਤੇ ਹੋਰ ਉੱਘੀਆਂ ਹਸਤੀਆਂ ਵੱਲੋਂ ਜੈਤੇਗ ਸਿੰਘ ਅਨੰਤ ਦੀ ਸ਼ਖ਼ਸੀਅਤ ਬਾਰੇ ਆਪ-ਮੁਹਾਰੇ ਵਰਤੇ ਗਏ ਸ਼ਬਦ ਜ਼ਿਕਰਯੋਗ ਹਨ, ਜਿਵੇਂ-- ਇੱਕ ਸੰਸਥਾ ਦਾ ਨਾਉਂ, ਪੰਜ ਦਰਿਆਵਾਂ ਦਾ ਮੋਤੀ, ਮੁਹੱਬਤ ਦਾ ਪੁਲ, ਚੰਦਨ ਰੁੱਖ, ਸਿਦਕੀ ਸਿੱਖ ਤੇ ਸਿਰੜੀ ਸਿਪਾਹੀ, ਮਿਹਰਬਾਨ ਬਾਬਾ, ਮੁਹੱਬਤ ਤੇ ਅਮਨ ਦਾ ਸਫ਼ੀਰ, ਮਾਂ-ਬੋਲੀ ਦਾ ਸੱਚਾ ਸੇਵਕ, ਯਾਰਾਂ ਦਾ ਯਾਰ, ਰੌਸ਼ਨ ਮੀਨਾਰ, ਇੱਕ ਭਰਵੀਂ ਹਸਤੀ, ਬਹੁ ਰੰਗਾ, ਮਿੱਠਾ ਤੇ ਨਿੱਘਾ।



ਜੈਤੇਗ ਸਿੰਘ ਅਨੰਤ

ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਵਿਭਾਗ ਦੀ ਮੁਖੀ ਅਤੇ ਝੰਗ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਰਹੀ ਡਾ. ਨਬੀਲਾ ਰਹਿਮਾਨ, ਜੋ ਟੋਬਾ ਟੇਕ ਸਿੰਘ ਦੀ ਜੰਮੀ ਜਾਈ ਹੈ, ਅਨੰਤ ਜੀ ਬਾਰੇ ਲਿਖਦੀ ਹੈ " ਉਹ ਬਿਨਾ ਸ਼ੁਬਾ ਇਕ ਸੱਚੇ-ਸੁੱਚੇ, ਧਾਰਮਿਕ ਸੋਚ ਦੇ ਮਾਲਕ, ਵਿਦਵਾਨ, ਖੋਜਕਾਰ, ਇਤਿਹਾਸਕਾਰ ਤੇ ਪੰਜਾਬੀ ਮਾਂ-ਬੋਲੀ ਦੇ ਬੀਬੇ ਮਨੁੱਖ ਨੇ।" ਇਹਸਾਨ ਬਾਜਵਾ ਲਿਖਦਾ ਹੈ, " ਜੀਉਂਦਿਆਂ ਨਾਲ਼ ਤਾਂ ਸਾਰੇ ਈ ਹੱਸ-ਹੱਸ ਜੱਫੀਆਂ ਪਾਉਂਦੇ ਹਨ ਪਰ ਮੋਇਆਂ ਨਾਲ਼ ਪ੍ਰੀਤ ਨਿਭਾਉਣ ਦਾ ਸੋਹਣਾ ਚੱਜ ਜੈਤੇਗ ਸਿੰਘ ਨੇ ਸਿੱਖ ਲਿਆ ਏ।" ਚਨਾਬ ਦਰਿਆ ਦੀ ਵੱਖੀ ਵਿਚ ਵਸਦੇ ਪਿੰਡ ਤਖ਼ਤ ਹਜ਼ਾਰਾ ਲਾਗੇ ਪਿੰਡ ਮਿੱਢ ਰਾਂਝਾ ਵਿਖੇ ਜੈਤੇਗ ਸਿੰਘ ਦਾ ਜਨਮ ਹੋਇਆ ਸੀ। ਇੱਥੋਂ ਨੇੜੇ ਦੇ ਪਿੰਡ ਮੋਹਰੀ ਵਾਲ਼ ਵਿਚ ਇਕ ਪੁਰਾਣਾ ਬੋਹੜ ਅਠਾਰਾਂ ਕਨਾਲ਼ਾਂ ਤੋਂ ਵੱਧ ਰਕਬੇ ਵਿਚ ਫੈਲਿਆ ਹੋਇਆ ਹੈ। ਇਹਸਾਨ ਬਾਜਵਾ ਦਾ ਕਿਆਸ ਹੈ ਕਿ ਨਾਨੀ ਰਾਜ ਕੌਰ ਨੇ ਬਾਲ ਜੈਤੇਗ ਨੂੰ ਇਸ ਬੋਹੜ ਦੀ ਛਾਵੇਂ ਘੜੀ ਦੀ ਘੜੀ ਲਿਟਾਇਆ ਹੋਵੇਗਾ ਤਾਂ ਹੀ ਤਾਂ "ਇਹ ਮਨੁੱਖ ਬੋਹੜ ਵਾਂਗੂੰ ਚਾਰ ਚੁਫੇਰੇ ਆਪਣੀਆਂ ਜੜ੍ਹਾਂ ਖਿਲਾਰੀ ਸਾਰੀ ਮਨੁੱਖੀ ਦੁਨੀਆਂ ਨੂੰ ਆਪਣੀ ਠੰਢੀ ਛਾਂ ਹੇਠ ਅਨੰਦ ਦੇਣ ਦੇ ਉਪਰਾਲੇ ਕਰਦਾ ਫਿਰਦਾ ਏ।" ਪ੍ਰੋ. ਆਸ਼ਿਕ ਰਾਹੀਲ ਦੇ ਸ਼ਬਦਾਂ ਵਿਚ, " ਜਿਵੇਂ ਉਹ ਅਨੰਤ ਨੇ, ਉਹਨਾਂ ਦੇ ਕਾਰਜ ਤੇ ਰੁਝੇਵੇਂ ਵੀ ਅਨੰਤ ਨੇ।" "ਪਾਕਿਸਤਾਨ ਦੀ ਪਹਿਲੀ ਔਰਤ ਸੀਨੀਅਰ ਸੁਪਰਡੈਂਟ ਪੁਲੀਸ ਅਤੇ ਨਾਮਵਰ ਲੇਖਿਕਾ ਨੀਲਮਾ ਦੁਰਾਨੀ ਉਸ ਨੂੰ "ਮੁਹੱਬਤ, ਦੋਸਤੀ ਤੇ ਅਮਨ ਦੇ ਸਫੀਰ" ਕਹਿੰਦੀ ਹੈ। ਓਰੀਐਂਟਲ ਕਾਲਜ, ਪੰਜਾਬ ਯੂਨੀਵਰਸਿਟੀ ਲਾਹੌਰ ਦਾ ਪ੍ਰੋਫ਼ੈਸਰ ਡਾ. ਸਆਦਤ ਅਲੀ ਸਾਕਿਬ ਅਨੰਤ ਜੀ ਨੂੰ "ਪਿਆਰ, ਮੁਹੱਬਤ, ਚਾਹਤ ਤੇ ਉਲਫ਼ਤ ਰੱਖਣ ਵਾਲ਼ੇ ਅਜ਼ੀਮ ਇਨਸਾਨ "ਦਸਦਾ ਹੈ। ਪੰਜਾਬੀ ਪ੍ਰੇਮੀ ਦਿਲ ਮੁਹੰਮਦ ਅਨੰਤ ਜੀ ਨੂੰ "ਪੰਜਾਬੀ ਅਦਬ ਦੇ ਰੌਸ਼ਨ ਮੀਨਾਰ" ਕਹਿ ਕੇ ਲਿਖਦਾ ਹੈ ਕਿ "ਜੈਤੇਗ ਸਿੰਘ ਅਨੰਤ ਜੀ ਹੋਰੀਂ ਪਿਆਰ, ਮੁਹੱਬਤ, ਇਲਮ, ਗਿਆਨ ਅਦਬ ਦੀਆਂ ਖ਼ੂਬੀਆਂ ਦਾ ਚਮਚ ਮੂੰਹ 'ਚ ਲੈ ਕੇ ਜਨਮੇ ਨੇ।"

ਜੈਤੇਗ ਸਿੰਘ ਦੀ ਜਾਣ-ਪਛਾਣ ਦੇ ਖਾਨੇ ਵਿਚ ਵੱਡੇ ਤੋਂ ਵੱਡੇ ਅਹੁਦਿਆਂ ਵਾਲ਼ੇ, ਗਵਰਨਰ, ਮੁੱਖ ਮੰਤਰੀ, ਵਜ਼ੀਰ, ਵਾਈਸ ਚਾਂਸਲਰ, ਪ੍ਰਸ਼ਾਸਨਿਕ ਅਧਿਕਾਰੀ, ਪ੍ਰੋਫ਼ੈਸਰ, ਸਾਹਿਤਕਾਰ, ਰੰਗਕਰਮੀ, ਪੱਤਰਕਾਰ, ਫੋਟੋਗ੍ਰਾਫਰ, ਆਰਟਿਸਟ ਜਾਣੀ ਹਰ ਵਰਗ ਦੇ ਜ਼ਿਕਰਯੋਗ ਨਾਮ ਸਮਾਏ ਹੋਏ ਹਨ। ਉਸ ਦੀ ਬੋਲਚਾਲ, ਵਿਹਾਰ ਦਾ ਸਲੀਕਾ ਅਤੇ ਮਿਕਨਾਤੀਸੀ ਸ਼ਖ਼ਸੀਅਤ ਹਰੇਕ ਨੂੰ ਪ੍ਰਭਾਵਤ ਕਰਦੀ ਅਤੇ ਆਪਣਾ ਬਣਾ ਲੈਂਦੀ ਹੈ। ਉਹ ਇਸ ਰਸੂਖ ਨੂੰ ਵਰਤਣ ਦਾ ਕਾਮਯਾਬ ਹੁਨਰੀ ਹੈ। ਉਸ ਦੀ ਜਾਣ ਪਛਾਣ ਦਾ ਘੇਰਾ ਹੱਦਾਂ-ਸਰਹੱਦਾਂ ਟੱਪ ਜਾਂਦਾ ਹੈ। ਲਹਿੰਦੇ ਪੰਜਾਬ ਅੰਦਰ ਕਿਹੜਾ ਅਦੀਬ ਜਾਂ ਕਿਸੇ ਵੀ ਖੇਤਰ ਵਿਚ ਕਹਿੰਦਾ-ਕਹਾਉਂਦਾ ਸ਼ਖ਼ਸ ਹੈ ਜਿਸ ਦੇ ਦਿਲ ਅੰਦਰ ਉਸ ਨੇ ਆਪਣੀ ਪੱਕੀ ਥਾਂ ਨਹੀਂ ਬਣਾਈ। ਉਹ ਜਦੋਂ ਵੀ ਓਥੇ ਜਾਂਦਾ ਹੈ, ਪੂਰੀ ਤਿਆਰੀ ਨਾਲ਼ ਜਾਂਦਾ ਹੈ, ਪੂਰੀ ਵਿਉਂਤਬੰਦੀ ਕਰ ਕੇ ਜਾਂਦਾ ਹੈ। ਉਸ ਦੇ ਵਾਘਾ ਬਾਰਡਰ ਟਪਦਿਆਂ ਹੀ ਲਹਿੰਦੇ ਪੰਜਾਬ ਦੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ ਫੁੱਲਾਂ ਦੇ ਗੁਲਦਸਤੇ ਲੈ ਕੇ ਉਡੀਕ ਰਹੀਆਂ ਹੁੰਦੀਆਂ ਹਨ। ਓਦੋਂ ਅੰਗ੍ਰੇਜ਼ਾਂ ਦੀ ਵਾਹੀ ਫ਼ਰਜ਼ੀ ਲਕੀਰ ਸ਼ਰਮ ਨਾਲ਼ ਪਾਣੀ-ਪਾਣੀ ਹੋ ਜਾਂਦੀ ਹੈ ਤੇ ਚੜ੍ਹਦਾ-ਲਹਿੰਦਾ ਨੂਰੋ-ਨੂਰ ਹੋ ਜਾਂਦਾ ਹੈ। ਵਿਸ਼ਾਲ ਮੈਦਾਨ ਉਸ ਦੇ ਸਵਾਗਤ ਲਈ ਆਪਣਾ ਦਾਮਨ ਵਿਛਾ ਦਿੰਦੇ ਹਨ ਅਤੇ ਦੂਰ-ਦੁਰਾਡੇ ਤੋਂ ਲਹਿੰਦੇ ਪੰਜਾਬ ਦੀਆਂ ਉੱਘੀਆਂ ਸਿਆਸੀ ਤੇ ਸਮਾਜਿਕ ਹਸਤੀਆਂ ਸਮੇਤ ਅਦੀਬ ਅਤੇ ਪੰਜਾਬੀ ਪਿਆਰੇ ਓਥੇ ਹਾਜ਼ਰ ਹੋ ਕੇ ਅਨੰਤ ਜੀ ਨੂੰ ਮੁਹੱਬਤ ਨਾਲ਼ ਸਰਸ਼ਾਰ ਕਰ ਦਿੰਦੇ ਹਨ। ਜਦੋਂ ਉਸ ਨੂੰ ਢੋਲ ਦੇ ਡੱਗੇ ਅਤੇ ਵਾਜਿਆਂ-ਗਾਜਿਆਂ ਨਾਲ਼ ਸਮਾਗਮ ਵਾਲ਼ੀ ਥਾਂ 'ਤੇ ਲਿਜਾਇਆ ਜਾਂਦਾ ਹੈ ਤਾਂ ਹੇਠਾਂ ਵਿਛਾਏ ਫੁੱਲ ਉਸ ਦੀਆਂ ਪੈੜਾਂ ਤੋਂ ਨਿਸਾਰ ਹੋ ਜਾਂਦੇ ਹਨ ਅਤੇ ਉਪਰੋਂ ਫੁੱਲਾਂ ਦੀ ਵਰਖਾ ਉਸ ਨੂੰ ਪੰਜਾਬੀ ਪਿਆਰਿਆਂ ਦੇ ਮੋਹ ਨਾਲ ਮਹਿਕਾ ਦਿੰਦੀ ਹੈ। ਉਸ ਮੌਕੇ ਉਸ ਬਾਦਸ਼ਾਹ ਦਰਵੇਸ਼ ਦਾ ਲੂੰ-ਲੂੰ ਪੰਜ ਦਰਿਆਵਾਂ ਦੀ ਧਰਤੀ ਦੇ ਪੀਰਾਂ, ਗੁਰੂਆਂ, ਸੂਫ਼ੀ ਫ਼ਕੀਰਾਂ ਦੇ ਰੂਹਾਨੀ ਅਸ਼ੀਰਵਾਦ ਨਾਲ਼ ਸ਼ੁਕਰਗੁਜ਼ਾਰ ਹੋ ਉਠਦਾ ਹੈ। ਅਜਿਹੇ ਸਮਾਗਮਾਂ ਮੌਕੇ ਉਹ ਪੰਜਾਬੀ ਦੇ ਅਦੀਬਾਂ ਨੂੰ ਸ਼ਾਨਦਾਰ ਪਲੇਕ, ਧਨ-ਰਾਸ਼ੀ, ਸ਼ਾਲ ਜਾਂ ਫੁਲਕਾਰੀ ਭੇਟਾ ਕਰ ਕੇ ਨਿਵਾਜਦਾ ਹੈ। ਫ਼ਰਿਸ਼ਤੇ ਦੀ ਦਿੱਖ ਵਾਲ਼ਾ ਇਹ ਦਰਵੇਸ਼ ਉਨ੍ਹਾਂ 'ਤੇ ਆਪਣੀਆਂ ਸ਼ੁਭ ਇਛਾਵਾਂ ਨਿਛਾਵਰ ਕਰਦਾ, ਸੁਗਾਤਾਂ ਅਤੇ ਪੁਸਤਕਾਂ ਵੰਡਦਾ ਆਪਣੀ ਜੰਮਣ-ਭੋਂ ਦਾ ਕਰਜ਼ ਉਤਾਰਦਾ ਹੈ। ਉਸ ਦੀ ਤਕਰੀਰ ਸਰੋਤਿਆਂ ਨੂੰ ਮੋਹ ਲੈਂਦੀ ਹੈ। ਜੈਤੇਗ ਸਿੰਘ ਨੇ ਆਪਣੇ ਰਸੂਖ, ਸੁਹਿਰਦ ਜਤਨਾਂ ਅਤੇ ਲਿਆਕਤ ਸਦਕਾ ਪੰਜਾਬੀ-ਪ੍ਰੇਮ ਦੀ ਇਕ ਲਹਿਰ ਚਲਾ ਰੱਖੀ ਹੈ ਜਿਸ ਨੂੰ ਛੇਵਾਂ ਦਰਿਆ ਕਹਿ ਸਕਦੇ ਹਾਂ। ਕੈਨੇਡਾ ਦੇ ਸ਼ਹਿਰ ਸਰੀ ਵਿਚ ਰਹਿੰਦਿਆਂ ਵੀ ਜੈਤੇਗ ਸਿੰਘ ਆਪਣੇ ਮਿਸ਼ਨ ਦੀ ਪੂਰਤੀ ਲਈ ਹਰ ਵੇਲ਼ੇ ਮਸਰੂਫ਼ ਰਹਿੰਦਾ ਹੈ। ਸਾਡੀਆਂ ਮਾਣਯੋਗ ਇਤਿਹਾਸਕ ਹਸਤੀਆਂ, ਜਿਨ੍ਹਾਂ 'ਤੇ ਸਾਨੂੰ ਗੌਰਵ ਹੈ ਪਰ ਅਸੀਂ ਉਨ੍ਹਾਂ ਨੂੰ ਵਿਸਾਰ ਰਹੇ ਹਾਂ, ਉਨ੍ਹਾਂ ਦੇ ਵਿਰਸੇ ਦੀ ਪੁਨਰ-ਸੁਰਜੀਤੀ ਲਈ ਉਨ੍ਹਾਂ ਦੇ ਜਨਮ ਦਿਨ ਅਤੇ ਸ਼ਤਾਬਦੀਆਂ ਮਨਾਉਣ ਦਾ ਉਪਰਾਲਾ ਕਰਦੇ ਹਨ, ਉਨ੍ਹਾਂ ਬਾਰੇ ਤਕਰੀਰਾਂ ਕਰਦੇ ਹਨ, ਸਮਾਗਮਾਂ ਦੀਆਂ ਰਿਪੋਰਟਾਂ ਅਨੇਕਾਂ ਅਖ਼ਬਾਰਾਂ, ਰਿਸਾਲਿਆਂ, ਰੇਡੀਓ ਅਤੇ ਟੀ.ਵੀ. ਚੈਨਲਾਂ ਰਾਹੀਂ ਪ੍ਰਸਾਰਿਤ ਕਰਦੇ ਹਨ, ਵਿਸ਼ੇਸ਼ ਮੁਲਾਕਾਤਾਂ ਰਾਹੀਂ ਅਹਿਮ ਜਾਣਕਾਰੀ ਦਿੰਦੇ ਹਨ। ਇਨ੍ਹਾਂ ਮਹਾਨ ਹਸਤੀਆਂ ਵਿਚ ਇਹ ਨਾਂ ਮੁੱਖ ਤੌਰ 'ਤੇ ਸ਼ਾਮਲ ਹਨ -ਭਾਈ ਸਾਹਿਬ ਭਾਈ ਰਣਧੀਰ ਸਿੰਘ, ਭਾਈ ਰਾਮ ਸਿੰਘ ਆਰਕੀਟੈਕਟ, ਜੱਸਾ ਸਿੰਘ ਰਾਮਗੜ੍ਹੀਆ, ਗਿਆਨੀ ਗੁਰਦਿੱਤ ਸਿੰਘ, ਬੀਬੀ ਇੰਦਰਜੀਤ ਕੌਰ, ਸੋਭਾ ਸਿੰਘ ਤੇ ਕ੍ਰਿਪਾਲ ਸਿੰਘ ਆਰਟਿਸਟ, ਸਿਰਦਾਰ ਕਪੂਰ ਸਿੰਘ, ਗ਼ਦਰ ਲਹਿਰ ਦੇ ਯੋਧੇ ਆਦਿ। ਮੁਨਸ਼ਾ ਸਿੰਘ ਦੁਖੀ ਦਾ ਜਨਮ ਦਿਨ ਮਨਾਉਣ ਮੌਕੇ ਜੈਤੇਗ ਸਿੰਘ ਦੇ ਸ਼ਬਦ ਸਨ - "ਕੌਮਾਂ ਉਹੀ ਜੀਉਂਦੀਆਂ ਹਨ ਜਿਹੜੀਆਂ ਆਪਣੇ ਵਿਰਸੇ ਤੇ ਵਿਰਾਸਤ ਨੂੰ ਯਾਦ ਰਖਦੀਆਂ ਹਨ।" ਉਸ ਨੇ ਮੁਨਸ਼ਾ ਸਿੰਘ ਦੁਖੀ ਨੂੰ "ਸੰਪੰਨ ਜੁਝਾਰੂ ਕਵੀ, ਪੱਤਰਕਾਰ, ਸੰਪਾਦਕ, ਤੀਖਣ ਬੁੱਧੀ ਦਾ ਮਾਲਕ, ਬਹੁ-ਪੱਖੀ ਸ਼ਖ਼ਸੀਅਤ" ਕਹਿ ਕੇ ਯਾਦ ਕੀਤਾ। 7 ਜੁਲਾਈ, 2024 ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ 146ਵੇਂ ਜਨਮਦਿਨ 'ਤੇ ਮੁਬਾਰਕਬਾਦ ਦੇਣ ਮੌਕੇ ਜੈਤੇਗ ਸਿੰਘ ਨੇ ਭਾਈ ਸਾਹਿਬ ਨੂੰ "ਗ਼ਦਰ ਲਹਿਰ ਦਾ ਮਹਾਨ ਨਾਇਕ, ਪੰਥ ਦੀ ਸੋਨ-ਚਿੜੀ, ਹਠੀ, ਜਪੀ, ਤਪੀ" ਦੀ ਸੰਗਿਆ ਦਿੱਤੀ ਅਤੇ ਕਿਹਾ ਕਿ "ਉਨ੍ਹਾਂ ਦੀ ਸ਼ਖ਼ਸੀਅਤ ਉਹਨਾਂ ਤਾਰਿਆਂ ਵਰਗੀ ਸੀ, ਜਿਹਨਾਂ ਦੀ ਰੌਸ਼ਨੀ ਉਹਨਾਂ ਦੇ ਟੁੱਟ ਜਾਣ ਪਿੱਛੋਂ ਵੀ ਪ੍ਰਕਾਸ਼ ਖਿਲਾਰਦੀ ਰਹਿੰਦੀ ਹੈ।" ਸਾਰੇ ਧਰਮਾਂ ਦਾ ਸਤਿਕਾਰ ਕਰਨ ਵਾਲ਼ੇ ਜੈਤੇਗ ਸਿੰਘ ਦੇ ਰੋਮ-ਰੋਮ ਵਿਚ ਸਿੱਖੀ ਦਾ ਸੰਚਾਰ ਹੈ। ਵਿਦੇਸ਼ਾਂ ਵਿਚ ਕਿਸੇ ਪਾਰਲੀਮੈਂਟ ਜਾਂ ਅਸੈਂਬਲੀ ਅੰਦਰ ਸਿੱਖ ਮੈਂਬਰ ਚੁਣੇ ਜਾਣ, ਕੋਈ ਸਿੱਖ ਕਿਤੇ ਵੱਡਾ ਅਹੁਦਾ ਪ੍ਰਾਪਤ ਕਰੇ, ਕਿਸੇ ਖੇਤਰ ਵਿਚ ਉੱਘਾ ਨਾਮਣਾ ਖੱਟੇ ਤਾਂ ਅਨੰਤ ਜੀ ਨੂੰ ਅਪਾਰ ਖ਼ੁਸ਼ੀ ਹੁੰਦੀ ਹੈ। ਉਸ ਨੇ ਤਾਂ ਲਹਿੰਦੇ ਪੰਜਾਬ ਦੀ ਧੀ, ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲ਼ੀ ਮੁਹਤਰਮਾ ਮਰੀਅਮ ਨਵਾਜ਼ ਦੇ ਮੁੱਖ ਮੰਤਰੀ ਬਣਨ 'ਤੇ ਵੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਸੀ। ਲਹਿੰਦੇ ਪੰਜਾਬ ਦੀਆਂ ਇਨ੍ਹਾਂ ਉੱਘੀਆਂ ਹਸਤੀਆਂ ਨੂੰ ਵੱਖੋ-ਵੱਖ ਸਮੇ 'ਤੇ ਵਿਸ਼ੇਸ਼ ਸਮਾਗਮ ਕਰ ਕੇ ਸ਼ਾਲ, ਨਕਦ ਰਾਸ਼ੀ, ਫੁਲਕਾਰੀ ਅਤੇ ਸਾਈਟੇਸ਼ਨ ਦੇ ਰੂਪ ਵਿਚ ਐਵਾਰਡ ਦਿੱਤੇ ਹਨ - ਡਾ. ਅਖ਼ਤਰ ਹੁਸੈਨ ਅਖ਼ਤਰ, ਸੰਪਾਦਕ ਮਹੀਨੇਵਾਰ 'ਲਹਿਰਾਂ' ਲਾਹੌਰ, ਡਾ. ਨਬੀਲਾ ਰਹਿਮਾਨ ਲਾਹੌਰ, ਜਨਾਬ ਅਹਿਸਨ ਬਾਜਵਾ ਨਾਰੋਵਾਲ, ਜੁਨੈਦ ਅਕਰਮ ਲਾਹੌਰ, ਮੁਦੱਸਰ ਇਕਬਾਲ ਭੱਟ ਐਡੀਟਰ 'ਭੁਲੇਖਾ', ਪੰਜਾਬ ਯੂਨੀਵਰਸਿਟੀ ਲਾਹੌਰ ਦਾ ਪਹਿਲਾ ਸਿੱਖ ਡਾ. ਕਲਿਆਣ ਸਿੰਘ, ਦਿਲ ਮੁਹੰਮਦ ਕਸੂਰ, ਜਨਾਬ ਪ੍ਰਵੇਜ਼ ਵੰਡਲ ਆਰਕੀਟੈਕਟ ਲਾਹੌਰ ਅਤੇ ਡਾ. ਅਖ਼ਤਰ ਹੁਸੈਨ ਸੰਧੂ ਪ੍ਰਿੰਸੀਪਲ ਇਸਲਾਮੀਆ ਕਾਲਜ ਲਾਹੌਰ। ਇਸ ਤੋਂ ਇਲਾਵਾ ਭਾਰਤ ਤੋਂ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਵਾਸੂ ਫਗਵਾੜਾ, ਪ੍ਰੋ. ਹਿੰਮਤ ਸਿੰਘ ਪਟਿਆਲਾ, ਪ੍ਰੋ. ਡਾ. ਬਲਵਿੰਦਰ ਕੌਰ ਬਠਿੰਡਾ ਅਤੇ ਡਾ. ਬੇਅੰਤ ਸਿੰਘ ਨਵੀਂ ਦਿੱਲੀ ਨੂੰ ਵੀ ਸਨਮਾਨਿਤ ਕੀਤਾ ਹੈ। ਗੁਰਬਾਣੀ ਦੀ ਤੁਕ ਹੈ - ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ। ਇਸੇ ਤਰ੍ਹਾਂ ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਆਪਣੇ ਵਿਸ਼ੇ ਦਾ ਸੰਪੂਰਨ ਗਿਆਨ ਰੱਖਣ ਵਾਲ਼ਾ ਜੈਤੇਗ ਸਿੰਘ ਅਨੰਤ ਉਸ ਵਿਸ਼ੇ 'ਤੇ ਜੋ ਬੋਲਦਾ ਜਾਂ ਲਿਖਦਾ ਹੈ, ਉਹ ਨਿਰੀ ਸਚਾਈ ਹੁੰਦੀ ਹੈ। ਕੋਈ ਕਲਪਣਾ ਜਾਂ ਮਿਲਾਵਟ ਨਹੀਂ ਹੁੰਦੀ। ਉਹ ਤੁਲਵੇਂ ਸ਼ਬਦਾਂ ਵਿਚ ਪੂਰਾ ਬ੍ਰਿਤਾਂਤ ਬਿਆਨ ਕਰ ਦਿੰਦਾ ਹੈ। ਉਸ ਦੀ ਸ਼ਬਦ-ਚੋਣ, ਸ਼ਬਦ-ਜੋੜ ਜਾਂ ਵਾਕ-ਬਣਤਰ ਵਿਚ ਕਿਸੇ ਕਮੀ ਜਾਂ ਗ਼ਲਤੀ ਦੀ ਕੋਈ ਗੁੰਜ਼ਾਇਸ਼ ਨਹੀਂ ਹੁੰਦੀ। ਜੈਤੇਗ ਸਿੰਘ ਦੀਆਂ ਲਿਖੀਆਂ ਜਾਂ ਸੰਪਾਦਿਤ ਪੁਸਤਕਾਂ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਹਨ। ▾ਮਹਿਕ ਸਮੁੰਦਰੋਂ ਪਾਰ▾ ਅਤੇ ▾ਕਲਾ ਦੇ ਵਣਜਾਰੇ ▾ਰਾਹੀਂ ਗੀਤਕਾਰਾਂ, ਗਾਇਕਾਂ, ਸਾਜ਼ਿੰਦਿਆਂ ਨੂੰ ਅਮਰ ਕਰ ਦਿੱਤਾ ਹੈ। ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ ▾ਮੁੰਦਾਵਣੀ ▾ ਦੀਆਂ 200 ਕਾਪੀਆਂ ਖ੍ਰੀਦ ਕੇ ਮੁਫ਼ਤ ਵੰਡੀਆਂ। ਸਿਰਦਾਰ ਕਪੂਰ ਸਿੰਘ ਦੀਆਂ ਪੰਚਨਦ ਤੇ ਇੱਕ ਸਿੱਖ ਦਾ ਬੁੱਧ ਨੂੰ ਪ੍ਰਣਾਮ- ਪਾਠਕਾਂ ਸਾਹਮਣੇ ਲਿਆ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਸ ਦੇ ਸਾਰੇ ਯਤਨਾਂ ਪਿੱਛੇ ਨਿਰੋਲ ਸਿੱਖੀ ਸੇਵਾ ਦੀ ਭਾਵਨਾ ਕੰਮ ਕਰਦੀ ਹੈ। ਇਹ ਕੁੱਝ ਕੋਈ ਅਹੁਦਾ, ਤਰੱਕੀ, ਮੁਨਾਫ਼ੇ ਜਾਂ ਲਾਹਾ ਲੈਣ ਲਈ ਨਹੀਂ ਕੀਤਾ। ਮੁੱਖ ਤੌਰ ਤੇ ਉਸ ਨੇ ਵਿੱਛੜ ਚੁੱਕੀਆਂ ਰੂਹਾਂ ਦੇ ਪ੍ਰੇਰਣਾਸ੍ਰੋਤ ਵਿਚਾਰਾਂ ਨੂੰ ਤਾਜ਼ਾ ਕੀਤਾ ਹੈ। ਉਸ ਦੀ ਧਾਰਨਾ ਹੈ ਕਿ ਜੋ ਵੀ ਕਾਰਜ ਕਰਨਾ ਹੈ, ਆਮ ਨਾਲੋਂ ਹਟ ਕੇ ਕਰਨਾ ਹੈ। ਕਦੇ ਕਦੇ ਤਾਂ ਉਸ ਦੇ ਸਿਰੜ, ਹਿੰਮਤ, ਲਗਨ, ਮਿਹਨਤ ਅਤੇ ਸ਼ਿੱਦਤ ਉੱਪਰ ਰਸ਼ਕ ਵੀ ਆਉਂਦਾ ਹੈ ਤੇ ਅਚੰਭਾ ਵੀ ਹੁੰਦਾ ਹੈ। ਉਹ ਕਿੰਨੇ ਭਰੋਸੇ ਤੇ ਦ੍ਰਿੜ੍ਹਤਾ ਨਾਲ ਕਹਿੰਦਾ ਹੈ, ▾ਮੇਰੇ ਵਿੱਚ ਕੰਮ ਕਰਨ ਦੀ ਸਮਰੱਥਾ ਤੇ ਊਰਜਾ ਹੈ। ਮੇਰੇ ਲਈ ਰਾਸ਼ੀ ਕੋਈ ਮਾਅਨੇ ਨਹੀਂ ਰਖਦੀ। ਆਪਣੇ ਸਤਿਕਾਰਯੋਗ ਮਾਤਾ-ਪਿਤਾ ਦੀ ਯਾਦ ਵਿੱਚ ਸਥਾਪਿਤ ਕੀਤੇ 'ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ' ਵੱਲੋਂ ਇਨਾਮ ਦਿੰਦਾ ਹੈ ਪਰ ਇਸ ਸੰਸਥਾ ਨੂੰ ਵਿੱਤ ਉਹ ਹੀ ਦਿੰਦਾ ਹਾਂ।' ਨਾਲ ਹੀ ਉਹ ਇਹ ਵੀ ਨਿਰਮਾਣਤਾ ਦਾ ਇਜ਼ਹਾਰ ਕਰਦਾ ਹੈ ਕਿ 'ਇਹ ਪੈਸਾ ਗੁਰੂ ਦਾ ਹੈ, ਉਹੀ ਮਦਦ ਕਰਵਾਉਂਦਾ ਹੈ।'ਉਹ ਬੇ-ਬਾਕੀ ਨਾਲ ਸਪਸ਼ਟ ਕਰਦਾ ਹੈ ਕਿ 'ਮੇਰੀ ਸਿੱਖ ਸੋਚ ਹੈ। ਮੈਂ ਕਦੇ ਵਿਕਿਆ ਨਹੀਂ। ਸੱਚ ਤੇ ਅਟੱਲ ਹਾਂ।' ਪੱਲੇ ਖ਼ਰਚ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼-ਉਸ ਉੱਪਰ ਢੁਕਦਾ ਹੈ। ਉਹ ਇਕ ਕਾਰਜ ਸਿਰੇ ਚਾੜ੍ਹਨ ਸਾਰ ਅਗਲਾ ਕਾਰਜ ਵਿੱਢ ਲੈਂਦਾ ਹੈ। ਉਮਰ ਦੇ ਵਰ੍ਹੇ ਉਸ ਦੇ ਹੱਠ ਅੱਗੇ ਰੁਕ ਜਾਂਦੇ ਹਨ। ਆਪਣੇ ਜੀਵਨ ਦੇ ਉਦੇਸ਼ ਨੂੰ ਸਿੱਖੀ ਅੰਦਰਲੇ ਸਰਬੱਤ ਦੇ ਭਲੇ ਵਾਲੇ ਸਿਧਾਂਤ ਨਾਲ ਜੋੜ ਕੇ ਬੜੀ ਹਲੀਮੀ ਨਾਲ ਕਹਿੰਦਾ ਹੈ- ਸੇਵਕ ਕਉ ਸੇਵਾ ਬਨਿ ਆਈ।

ਵਾਹਿਗੁਰੂ ਇਸ ਸੇਵਕ ਤੋਂ ਸੇਵਾ ਲੈਣ ਲਈ ਉਸ ਨੂੰ ਲੰਮੀ ਉਮਰ ਤੇ ਬਲ ਬਖ਼ਸ਼ੇ।

# ਜਦੋਂ ਅਸੀਂ ਅਖਬਾਰ ਨੂੰ ਸਬਸਕਰਾਈਬ ਕਰਦੇ ਹਾਂ



ਪ੍ਰੋ. ਕੁਲਬੀਰ ਸਿੰਘ
9417153513

**ਅਖ਼ਬਾਰ ਪੜ੍ਹਨ ਦਾ ਮੌਕਾ ਨਹੀਂ ਮਿਲਦਾ ਬਲਕਿ ਤੁਸੀਂ ਆਪਣੇ ਇਲਾਕੇ, ਆਪਣੇ ਸੂਬੇ, ਆਪਣੀ ਭਾਸ਼ਾ ਦੀ ਅਖ਼ਬਾਰ ਦੀ, ਪੱਤਰਕਾਰੀ ਦੀ ਮਦਦ ਵੀ ਕਰ ਰਹੇ ਹੁੰਦੇ ਹੋ। ਜੇਕਰ ਕਿਸੇ ਕਾਰਨ ਇੰਟਰਨੈੱਟ ਸੇਵਾਵਾਂ ਵਿਚ ਰੁਕਾਵਟ ਪੈਦਾ ਹੋ ਜਾਵੇ ਫਿਰ ਵੀ ਜਿਹੜੀਆਂ ਅਖ਼ਬਾਰਾਂ ਨੂੰ ਤੁਸੀਂ ਸਬਸਕਰਾਈਬ ਕੀਤਾ ਹੁੰਦਾ ਹੈ ਉਹ ਉਪਲਬਧ ਰਹਿੰਦੀਆਂ ਹਨ।ਅੱਜ ਕਲ੍ਹ ਆਪਣੀ ਖਬਰ, ਆਪਣਾ ਆਰਟੀਕਲ ਅੱਗੇ ਸੋਸ਼ਲ ਮੀਡੀਆ ਅਤੇ ਵੱਟਸਐਪ ਗਰੁੱਪਾਂ ਵਿਚ ਭੇਜਣ ਦਾ ਰੁਝਾਨ ਹੈ। ਆਨਲਾਈਨ ਅਖ਼ਬਾਰ ਵਿਚੋਂ ਅਜਿਹਾ ਝੱਟਪਟ ਅਤੇ ਗੁਣਵਤਾ ਸਹਿਤ ਕੀਤਾ ਜਾ ਸਕਦਾ ਹੈ।**

ਮੇਰੇ ਵਰਗੇ ਬੜੇ ਘੱਟ ਲੋਕ ਹੋਣਗੇ ਜਿਹੜੇ ਅਖਬਾਰ ਦੀ ਹਾਰਡ ਕਾਪੀ ਵੀ ਪੜ੍ਹਦੇ ਹਨ ਅਤੇ ਅਨਲਾਈਨ ਸਬਸਕਰਾਈਬ ਵੀ ਕਰਦੇ ਹਨ। ਇਸਦੇ ਬਹੁਤ ਸਾਰੇ ਫਾਇਦੇ ਹਨ। ਤੁਸੀਂ ਕਿਸੇ ਵੀ ਰਾਜ ਦਾ, ਯੂ.ਟੀ. ਦਾ, ਸ਼ਹਿਰ ਦਾ ਅਡੀਸ਼ਨ ਪੜ੍ਹ ਸਕਦੇ ਹੋ। ਇਕ ਕਲਿਕ ਨਾਲ ਕੋਈ ਵੀ ਪੁਰਾਣਾ ਅੰਕ ਸਕਿੰਟਾਂ ਵਿਚ ਤੁਹਾਡੇ ਸਾਹਮਣੇ ਖੁਲ੍ਹ ਜਾਏਗਾ। ਤੁਸੀਂ ਦੁਨੀਆਂ ਵਿਚ, ਧਰਤੀ ਦੇ ਕਿਸੇ ਵੀ ਕੋਨੇ ਵਿਚ ਬੈਠੇ ਅਖ਼ਬਾਰ ਪੜ੍ਹਨ ਦਾ ਆਨੰਦ ਲੈ ਸਕਦੇ ਹੋ। ਤੁਸੀਂ ਕਾਹਲੀ ਵਿਚ ਹੋ, ਪੜ੍ਹਨ ਦਾ ਸਮਾਂ ਨਹੀਂ ਹੈ, ਸਫ਼ਰ ਕਰ ਰਹੇ ਹੋ, ਸਫ਼ਰ ਕਰ ਰਹੇ ਹੋ, ਫਿਰ ਵੀ ਉੱਡਦੀ ਉੱਡਦੀ ਇਕ ਨਜ਼ਰ ਮਾਰ ਕੇ ਤਾਜ਼ਾ ਅਖ਼ਬਾਰ ਵੇਖ ਲੈਣ ਦਾ ਅਹਿਸਾਸ ਮਾਣ ਕਰਦੇ ਹੋ।

ਮੇਰਾ ਨਿੱਜੀ ਤਜ਼ਰਬਾ ਹੈ ਕਿ ਹੁਣ ਵੱਖ-ਵੱਖ ਸ਼ਹਿਰਾਂ, ਕਸਬਿਆਂ ਵਿਚੋਂ ਵੱਖ-ਵੱਖ ਥਾਵਾਂ ਤੋਂ ਅਖਬਾਰਾਂ ਨਹੀਂ ਮਿਲਦੀਆਂ। ਸਵੇਰ ਵੇਲੇ ਅਖ਼ਬਾਰਾਂ ਵੇਚਣ ਵਾਲੇ ਛੋਟੇ ਸਟਾਲ, ਛੋਟੀਆਂ-ਛੋਟੀਆਂ ਦੁਕਾਨਾਂ ਬੰਦ ਹੋ ਗਈਆਂ ਹਨ ਜਾਂ ਉਸੇ ਥਾਂ 'ਤੇ ਉਨ੍ਹਾਂ ਨੇ ਕੋਈ ਹੋਰ ਕੰਮ ਕਾਰ, ਕਾਰੋਬਾਰ ਆਰੰਭ ਕਰ ਲਿਆ ਹੈ। ਇਥੋਂ ਤੱਕ ਕਿ ਵੱਖ-ਵੱਖ ਸ਼ਹਿਰਾਂ ਕਸਬਿਆਂ ਦੇ ਬੱਸ ਅੱਡਿਆਂ ਤੋਂ ਵੀ ਹੁਣ ਅਖ਼ਬਾਰਾਂ, ਕਿਤਾਬਾਂ ਨਹੀਂ ਮਿਲਦੀਆਂ। ਕਿਉਂਕਿ ਕਾਰਪੋਰੇਸ਼ਨ ਜਾਂ ਸੰਬੰਧਤ ਮਾਲਕਾਂ, ਅਧਿਕਾਰੀਆਂ ਨੇ ਮਹੀਨਵਾਰ ਕਿਰਾਇਆ ਬਹੁਤ ਵਧਾ ਦਿੱਤਾ ਹੈ। ਜਿਹੜਾ ਅਖਬਾਰਾਂ, ਕਿਤਾਬਾਂ ਵੇਚਣ ਵਾਲਿਆਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਜਲੰਧਰ ਬੱਸ ਸਟੈਂਡ 'ਤੇ ਅਖ਼ਬਾਰਾਂ, ਕਿਤਾਬਾਂ ਵੇਚਣ ਵਾਲੀਆਂ ਦੋ ਵੱਡੀਆਂ ਦੁਕਾਨਾਂ ਸਨ। ਉਪਰੋਕਤ ਕਾਰਨਾਂ ਕਰਕੇ ਦੋਵੇਂ ਬੰਦ ਹੋ ਗਈਆਂ ਹਨ। ਇਸ ਸਥਿਤੀ ਵਿਚ ਮਨਪਸਦ ਅਖ਼ਬਾਰ ਨੂੰ ਸਬਸਕਰਾਈਬ ਕਰਨਾ ਬਿਹਤਰ ਬਦਲ ਹੈ। ਕਦੇ ਵੀ ਕਿਸੇ ਵੀ ਸਮੇਂ ਆਪਣੇ ਮੋਬਾਇਲ 'ਤੇ, ਆਈਪੈਡ 'ਤੇ, ਲੈਪਟਾਪ 'ਤੇ ਖੋਲ੍ਹ ਕੇ ਪੜ੍ਹ ਸਕਦੇ ਹਾਂ। ਕੇ ਨਜ਼ਰ ਮਾਰ ਸਕਦੇ ਹਾਂ।

ਅਖਬਾਰਾਂ ਹੀ ਹਨ ਜਿੱਥੋਂ ਸਾਨੂੰ ਹਰੇਕ ਮੁੱਕੇ, ਮਸਲੇ ਅਤੇ ਖ਼ਬਰ ਬਾਰੇ ਵਿਸਥਾਰ ਵਿਚ ਸਹੀ ਜਾਣਕਾਰੀ, ਮਿਲਦੀ ਹੈ। ਗੁੰਝਲਦਾਰ ਵਿਸ਼ਿਆਂ ਬਾਰੇ ਮਾਹਿਰਾਂ ਦੀ ਰਾਏ ਵੀ ਅਖ਼ਬਾਰਾਂ ਹੀ ਮੁਹੱਈਆਂ ਕਰਦੀਆਂ ਹਨ। ਵੱਖ-ਵੱਖ ਵਿਸ਼ਿਆਂ ਬਾਰ ਜਿੰਨੀ ਸਮੱਗਰੀ ਅਖ਼ਬਾਰਾਂ ਦੇ ਸੰਪਾਦਕੀ ਪੰਨਿਆਂ 'ਤੇ ਮਿਲਦੀ ਹੈ ਹੋਰ ਕਿਧਰੋਂ ਨਹੀਂ ਮਿਲ ਸਕਦੀ। ਤੁਸੀਂ ਜਿੰਨਾ ਮਰਜ਼ੀ ਸੋਸ਼ਲ ਮੀਡੀਆ 'ਤੇ ਘੁੰਮ ਲਓ, ਜੋ ਤਸੱਲੀ ਅਖ਼ਬਾਰ ਪੜ੍ਹ ਕੇ ਹੁੰਦੀ ਹੈ ਉਹ ਸੋਸ਼ਲ ਮੀਡੀਆ ਤੋਂ ਨਹੀਂ ਮਿਲ ਸਕਦੀ। ਸਥਾਪਿਤ ਅਖ਼ਬਾਰਾਂ ਦੀ ਇਕ ਭਰੋਸੇਯੋਗਤਾ ਹੁੰਦੀ। ਉਸੇ ਭਰੋਸੇਯੋਗਤਾ ਅਤੇ ਭਾਵਨਾਤਮਕ ਸਾਂਝ ਕਾਰਨ ਤੁਸੀਂ ਉਸ ਨਾਲ ਜੁੜਦੇ ਹੋ, ਉਸਨੂੰ ਪੜ੍ਹਦੇ ਹੋ।

ਬਹੁਤ ਸਾਰੇ ਪਾਠਕ ਹਨ ਜਿਨ੍ਹਾਂ ਨੇ ਇਕ ਤੋਂ ਵਧੇਰੇ ਅਖਬਾਰਾਂ ਦੀ, ਇਕ ਤੋਂ ਵਧੇਰੇ ਭਾਸ਼ਾਵਾਂ ਦੀਆਂ ਅਖ਼ਬਾਰਾਂ ਦੀ ਸਬਸਕ੍ਰਿਪਸ਼ਨ ਲਈ ਹੋਈ ਹੈ। ਭਾਵੇਂ ਹਰ ਰੋਜ਼ ਹਰੇਕ ਖ਼ਬਰ, ਹਰੇਕ ਆਰਟੀਕਲ ਨਹੀਂ ਪੜ੍ਹਿਆ ਜਾਂਦਾ ਪਰ ਹਰੇਕ ਪੰਨੇ ਦੀ ਹਰੇਕ ਸੁਰਖੀ 'ਤੇ ਨਜ਼ਰ ਜ਼ਰੂਰ ਜਾਂਦੀ ਹੈ।

ਇੰਝ ਕਰਨ ਨਾਲ ਤੁਹਾਨੂੰ ਹੀ ਅਖ਼ਬਾਰ ਪੜ੍ਹਨ ਦਾ ਮੌਕਾ ਨਹੀਂ ਮਿਲਦਾ ਬਲਕਿ ਤੁਸੀਂ ਆਪਣੇ ਇਲਾਕੇ, ਆਪਣੇ ਸੂਬੇ, ਆਪਣੀ ਭਾਸ਼ਾ ਦੀ ਅਖਬਾਰ ਦੀ, ਪੱਤਰਕਾਰੀ ਦੀ ਮਦਦ ਵੀ ਕਰ ਰਹੇ ਹੁੰਦੇ ਹੋ।

ਜੇਕਰ ਕਿਸੇ ਕਾਰਨ ਇੰਟਰਨੈੱਟ ਸੇਵਾਵਾਂ ਵਿਚ ਰੁਕਾਵਟ ਪੈਦਾ ਹੋ ਜਾਵੇ ਫਿਰ ਵੀ ਜਿਹੜੀਆਂ ਅਖ਼ਬਾਰਾਂ ਨੂੰ ਤੁਸੀਂ ਸਬਸਕਰਾਈਬ ਕੀਤਾ ਹੁੰਦਾ ਹੈ ਉਹ ਉਪਲਬਧ ਰਹਿੰਦੀਆਂ ਹਨ।

ਅੱਜ ਕਲ੍ਹ ਆਪਣੀ ਖਬਰ, ਆਪਣਾ ਆਰਟੀਕਲ ਅੱਗੇ ਸੋਸ਼ਲ ਮੀਡੀਆ ਅਤੇ ਵੱਟਸਐਪ ਗਰੁੱਪਾਂ ਵਿਚ ਭੇਜਣ ਦਾ ਰੁਝਾਨ ਹੈ। ਆਨਲਾਈਨ ਅਖ਼ਬਾਰ ਵਿਚੋਂ ਅਜਿਹਾ ਝੱਟਪਟ ਅਤੇ ਗੁਣਵਤਾ ਸਹਿਤ ਕੀਤਾ ਜਾ ਸਕਦਾ ਹੈ।

ਬੀਤੇ ਦਿਨੀਂ ਪੰਜਾਬ ਪੁਲੀਸ ਨੇ ਸਵੇਰੇ-ਸਵੇਰੇ ਅਖ਼ਬਾਰਾਂ ਦੀਆਂ ਗੱਡੀਆਂ ਨੂੰ ਰੋਕ ਲਿਆ। ਉਸ ਦਿਨ ਸੰਬੰਧਤ ਇਲਾਕਿਆਂ ਦੇ ਲੋਕਾਂ ਦੇ ਘਰਾਂ ਵਿਚ ਅਖ਼ਬਾਰਾਂ ਦੁਪਹਿਰ ਗਿਆਰਾਂ ਵਜੇ ਪੁੱਜੀਆਂ। ਜਿਹੜੇ ਪਾਠਕਾਂ ਨੇ ਆਪਣੀ-ਆਪਣੀ ਮਨਪਸੰਘ ਅਖਬਾਰ ਨੂੰ ਆਨਲਾਈਨ ਸਬਸਕਰਾਈਬ ਕੀਤਾ ਹੋਇਆ ਹੈ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਉਨ੍ਹਾਂ ਲਈ ਤਾਂ ਅਖਬਾਰ ਤੜਕੇ ਚਾਰ ਵਜੇ ਹੀ ਉਪਲਬਧ ਹੁੰਦੀ ਹੈ।

ਜਦ ਅਸੀਂ ਆਪਣੀ ਭਾਸ਼ਾ ਦੀਆਂ ਸੂਬਾਈ ਅਖ਼ਬਾਰਾਂ ਨੂੰ ਸਬਸਕਰਾਈਬ ਕਰਦੇ ਹਾਂ ਤਾਂ ਇਕ ਤਰ੍ਹਾਂ ਅਸੀਂ ਆਪਣੇ ਸ਼ਹਿਰ, ਆਪਣੇ ਰਾਜ, ਆਪਣੇ ਸ਼ਹਿਰ ਦੇ ਸਕੂਲਾਂ, ਅਦਾਲਤਾਂ, ਪੱਤਰਕਾਰੀ ਨੂੰ ਹੀ ਮਜ਼ਬੂਤ ਕਰ ਰਹੇ ਹੁੰਦੇ ਹਾਂ। ਇਸ਼ਤਿਹਾਰ ਕਾਰੋਬਾਰੀ ਲੋਕ ਅਤੇ ਸਰਕਾਰਾਂ ਦਿੰਦੀਆਂ ਹਨ। ਅਸੀਂ ਸਬਸਕ੍ਰਿਪਸ਼ਨ ਤਾਂ ਖਰੀਦ ਹੀ ਸਕਦੇ ਹਾਂ।

ਹਾਰਡ ਕਾਪੀ ਸਵੇਰ ਵੇਲੇ ਚਾਹ-ਕੌਫ਼ੀ ਦੇ ਕੱਪ ਦਾ ਆਨੰਦ ਵਧਾ ਦਿੰਦੀ ਹੈ। ਪਰ ਸਮਾਂ ਬੜੀ ਤੇਜ਼ ਰਫ਼ਤਾਰ ਨਾਲ ਬਦਲ ਰਿਹਾ ਹੈ। ਨਵੀਂ ਪੀੜ੍ਹੀ ਦੀ ਸਵੇਰ ਸਹਿਜ ਨਹੀਂ ਹੁੰਦੀ। ਸਮੇਂ ਦੀ ਘਾਟ ਹੈ। ਭੱਜ ਦੌੜ ਹੈ। ਅਕਸਰ ਉਨ੍ਹਾਂ ਦੀ 7-8 ਘੰਟੇ ਦੀ ਨੀਂਦ ਵੀ ਪੂਰੀ ਨਹੀਂ ਹੁੰਦੀ।

ਡਿਜ਼ੀਟਲ ਅਡੀਸ਼ਨ ਵਿਚ ਪਾਠਕਾਂ ਨੂੰ ਵੀਡੀਓ, ਆਡੀਓ, ਲਾਈਵ ਡਾਟਾ ਵੀ ਉਪਲਬਧ ਹੁੰਦਾ ਹੈ। ਤੁਸੀਂ ਹਫ਼ਤਾਵਾਰ ਅਡੀਸ਼ਨ ਵੀ ਖਰੀਦ ਸਕਦੇ ਹੋ। ਅਖਬਾਰਾਂ ਨੇ ਮਹੀਨਾਵਾਰ, ਸਲਾਨਾ ਸਬਸਕ੍ਰਿਪਸ਼ਨ ਬੜੀ ਥੋੜ੍ਹੀ ਰੱਖੀ ਹੈ, 150-180 ਦਰਮਿਆਨ ਇਕ ਮਹੀਨੇ ਦੀ ਅਤੇ 1500-1800 ਤੱਕ ਇਕ ਸਾਲ ਦੀ। ਅੱਜ ਕਲ੍ਹ ਵੱਖ-ਵੱਖ ਬਰੈਂਡ ਦੀ ਕੌਫ਼ੀ ਦਾ ਮੱਘ 200-250 ਦਾ ਮਿਲਦਾ ਹੈ। ਆਪਾਂ ਬਜ਼ਾਰ ਜਾਂਦੇ ਹਾਂ ਤਾਂ ਖੜੇ ਖੜੇ 1500- 2000 ਰੁਪਏ ਦਾ ਫਾਸਟ ਫੂਡ ਖਾ ਸਕਦੇ ਹਾਂ। ਸਿਹਤ ਦਾ ਨੁਕਸਾਨ ਵੱਖਰਾ। ਆਓ ਅੱਜ ਹੀ ਆਪਣੀ ਮਨਪਸੰਦ ਅਖ਼ਬਾਰ ਨੂੰ ਸਬਸਕਰਾਈਬ ਕਰੀਏ।

www.punjabiakhbaar.ca

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ
ਫਰੀ ਡਾਊਨ ਲੋਡ ਕਰੋ
App Store
Play Store

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜ਼ਾ ਉੱਪਰ ਆਈ ਦਰਜ਼ੀ ਸਿੱਖ (ਛੀਂਬਾ) ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 39 ਸਾਲ,ਕੱਦ 5 ਫੁੱਟ 5 ਇੰਚ ਵਿੱਦਿਅਕ ਯੋਗਤਾ: ਐਮ ਏ ਬੀ ਐੱਡ, ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲ ਹੈ । ਜਾਤ ਪਾਤ ਦਾ ਕੋਈ ਬੰਧਨ ਨਹੀਂ ਸੰਪਰਕ:587 891 8712 ਜਾਂ 587 889 4550 ***285***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸਟੂ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 604 389 4108 ***281 ***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1778 321 2961 *** 284***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈੱਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਅ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈੱਟਲ ਹੈ। ਸੰਪਰਕ: 1 647 739 5891 *** 284***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 *** 284*Roop**

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

## ਲੜਕੀ ਦੀ ਲੋੜ

Suitable match for a well-educated (MTech), 1989 born, 5ft 11 inches tall, MAZBI SIKH boy (Never married) living in Canada since 2022 on a Temporary Work Visa. Looking for a PR, Citizen or TRV girl in Canada. Caste no bar. Please contact 306-990-0121 for more info. ***280 ***

## ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਿਓਲਿਜੀ ਡਿਪਲੋਮਾ ਹੋਲਡਰ, ਬਿਊਟੀਸ਼ਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666 *** 284***F***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਰ,ਲਈ ਕਨੇਡੀਅਨ ਪੀ ਆਰ ਲ਼ੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

## ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇ ਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੇਲੱ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

## ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

## ਲੜਕੀ ਦੀ ਲੋੜ

ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਿਸਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸਿੱਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇ ਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਕੈਨੇਡਾ ਆਏ ਜੱਟ ਸਿੱਖ ਧਾਲੀਵਾਲ ਮੋਗਾ ਏਰੀਆ ਨਾਲ ਸਬੰਧਿਤ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 2000,ਕੱਦ 5 ਫ਼ੁੱਟ 11 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1780 803 4234 ਜਾਂ 1 780 318 4367 ***281***

## ਲੜਕੀ ਦੀ ਲੋੜ

Well Settled Ramgarhia family looking for a suitable match for their son (Never Married) 34-year-old, 5-10 Tall, Clean Shaved. Running a Financing Business in Winnipeg. Canadian Citizen. Cast No Bar. Can be considered work permits or visitor Visa. Call at 204-510-7658 for more Information. ***281***

## ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***281***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 7 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਿਸ ਲੜਕੀ ਦੀ ਫਾਈਲ ਲੱਗੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਕਾਲ: 1 431 338 0570 ਜਾਂ ਵਟਸਐਪ 1 204 504 8723 ***280***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***280 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ 1 780 300 2000 (ਵਟਸਐਪ): 9583592000

## Need Office Administrator


We need Office administrator person for our Calgary Office. who speaks good English, must have driver license, good wages,we will give training also!

Contact : Kam Khamba @403-975-0128

## 'ਭਾਰਤੀ ਸਿੱਖ ਔਰਤ ਨੂੰ ਤੰਗ ਨਾ ਕਰੋ', ਪਾਕਿਸਤਾਨੀ ਅਦਾਲਤ ਨੇ ਪੁਲਸ ਨੂੰ ਦਿੱਤਾ ਹੁਕਮ

ਲਾਹੌਰ (ਪੰਜਾਬੀ ਅਖਬਾਰ ਬਿਊਰੋ)– ਪਾਕਿਸਤਾਨ ਦੀ ਇੱਕ ਹਾਈ ਕੋਰਟ ਨੇ ਪੁਲਸ ਨੂੰ ਇੱਕ ਭਾਰਤੀ ਸਿੱਖ ਔਰਤ ਨੂੰ ਤੰਗ ਕਰਨਾ ਬੰਦ ਕਰਨ ਦਾ ਹੁਕਮ ਦਿੱਤਾ ਜਿਸਨੇ ਇਸਲਾਮ ਧਰਮ ਅਪਣਾ ਲਿਆ ਅਤੇ ਇੱਕ ਸਥਾਨਕ ਮੁਸਲਿਮ ਆਦਮੀ ਨਾਲ ਵਿਆਹ ਕਰਵਾ ਲਿਆ। ਔਰਤ ਦੀ ਸੋਸ਼ਲ ਮੀਡੀਆ ਤੇ ਮੁਸਲਿਮ ਆਦਮੀ ਨਾਲ ਦੋਸਤੀ ਹੋਈ ਸੀ।ਸਰਬਜੀਤ ਕੌਰ (48) ਉਨ੍ਹਾਂ 2,000 ਸਿੱਖ ਸ਼ਰਧਾਲੂਆਂ ਵਿੱਚੋਂ ਇੱਕ ਸੀ ਜੋ ਇਸ ਮਹੀਨੇ ਦੇ ਸ਼ੁਰੂ ਵਿੱਚ ਗੁਰੂ ਨਾਨਕ ਜਯੰਤੀ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਵਾਹਗਾ ਸਰਹੱਦ ਰਾਹੀਂ ਭਾਰਤ ਤੋਂ ਪਾਕਿਸਤਾਨ ਚ ਦਾਖਲ ਹੋਈ ਸੀ। ਸ਼ਰਧਾਲੂ 13 ਨਵੰਬਰ ਨੂੰ ਘਰ ਵਾਪਸ ਪਰਤੇ, ਪਰ ਕੌਰ ਲਾਪਤਾ ਪਾਈ ਗਈ। ਲਾਹੌਰ ਦੇ ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਬਾਅਦ ਵਿੱਚ ਕਿਹਾ ਕਿ ਕੌਰ ਨੇ 4 ਨਵੰਬਰ ਨੂੰ ਪਾਕਿਸਤਾਨ ਪਹੁੰਚਣ ਤੋਂ ਇੱਕ ਦਿਨ ਬਾਅਦ, ਲਾਹੌਰ ਤੋਂ ਲਗਭਗ 50 ਕਿਲੋਮੀਟਰ ਦੂਰ, ਸ਼ੇਖੂਪੁਰਾ ਜ਼ਿਲ੍ਹੇ ਦੇ ਨਾਸਿਰ ਹੁਸੈਨ ਨਾਲ ਵਿਆਹ ਕੀਤਾ ਸੀ। ਜਦੋਂ ਸ਼ਰਧਾਲੂ ਉਸੇ ਦਿਨ ਨਨਕਾਣਾ ਸਾਹਿਬ ਲਈ ਰਵਾਨਾ ਹੋਏ ਤਾਂ ਕੌਰ ਸਮੂਹ ਚ ਸ਼ਾਮਲ ਨਹੀਂ ਹੋਈ ਅਤੇ ਹੁਸੈਨ ਦੇ ਨਾਲ ਸ਼ੇਖੂਪੁਰਾ ਗਈ।ਕੌਰ ਤੇ ਹੁਸੈਨ ਨੇ ਲਾਹੌਰ ਹਾਈ ਕੋਰਟ ਚ ਇੱਕ ਪਟੀਸ਼ਨ ਦਾਇਰ ਕੀਤੀ, ਜਿਸ ਚ ਸ਼ਿਕਾਇਤ ਕੀਤੀ ਗਈ ਕਿ ਪੁਲਸ ਨੇ ਸ਼ੇਖੂਪੁਰਾ ਦੇ ਫਾਰੂਖਾਬਾਦ ਚ ਉਨ੍ਹਾਂ ਦੇ ਘਰ ਤੇ ਗੈਰ-ਕਾਨੂੰਨੀ ਢੰਗ ਨਾਲ ਛਾਪਾ ਮਾਰਿਆ ਅਤੇ ਉਨ੍ਹਾਂ ਤੇ ਉਨ੍ਹਾਂ ਦਾ ਵਿਆਹ ਤੋੜਨ ਲਈ ਦਬਾਅ ਪਾਇਆ। ਲਾਹੌਰ ਹਾਈ ਕੋਰਟ ਦੇ ਜੱਜ ਫਾਰੂਕ ਹੈਦਰ ਨੇ ਪੁਲਸ ਨੂੰ ਪਟੀਸ਼ਨਰਾਂ ਨੂੰ ਪਰੇਸ਼ਾਨ ਕਰਨਾ ਬੰਦ ਕਰਨ ਦਾ ਹੁਕਮ ਦਿੱਤਾ। ਪਟੀਸ਼ਨ ਵਿੱਚ, ਕੌਰ ਨੇ ਕਿਹਾ ਕਿ ਇੱਕ ਪੁਲਸ ਅਧਿਕਾਰੀ ਨੇ ਜੋੜੇ ਨੂੰ ਬਿਨਾਂ ਵਜ੍ਹਾ ਪਰੇਸ਼ਾਨ ਕੀਤਾ ਅਤੇ ਉਨ੍ਹਾਂ ਨੂੰ ਆਪਣਾ ਵਿਆਹ ਤੋੜਨ ਲਈ ਮਜਬੂਰ ਕੀਤਾ। ਕੌਰ ਨੇ ਕਿਹਾ ਕਿ ਉਸਦਾ ਪਤੀ ਇੱਕ ਪਾਕਿਸਤਾਨੀ ਨਾਗਰਿਕ ਹੈ ਅਤੇ ਉਸਨੇ ਆਪਣਾ ਵੀਜ਼ਾ ਵਧਾਉਣ ਅਤੇ ਪਾਕਿਸਤਾਨੀ ਨਾਗਰਿਕਤਾ ਪ੍ਰਾਪਤ ਕਰਨ ਲਈ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਹੈ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜ਼ਰੂਰਤ ਹੈ

ਕਾਲ ਕਰੋ:
1 250 319 7263

Advice from someone you trust.
Sun Life
Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA · RRSP · Mutual Funds




Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.




# ਜੀਹਦਾ ਦਿਲ ਟੁੱਟ ਜਾਏ-3

-(ਬਾਬਾ ਆਲਮ ਸਿਆਹਪੋਸ਼)




ਰਿਕਾਰਡ ਦਾ ਲੜੀ ਨੰਬਰ ਕੋਲੰਬੀਆ– EKCC 5130
ਕੰਪਨੀ – ਈ.ਐਮ.ਆਈ. (ਕਰਾਚੀ ਪਾਕਿਸਤਾਨ)
ਗੀਤਕਾਰ – ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ – ਸਫਦਰ ਹੁਸੈਨ
ਆਵਾਜ਼ – ਜ਼ੁਬੈਦਾ ਖਾਨਮ / ਫਿਲਮ – ਹੀਰ 1955
ਫਿਲਮ ਹੀਰ ਵਿੱਚੋਂ ਹੀ ਬਾਬਾ ਆਲਮ ਸਿਆਹਪੋਸ਼ ਦਾ ਇਕ ਹੋਰ ਸਦਾ
ਬਹਾਰ ਗੀਤ –

**ਅਸਾਂ ਜਾਣ ਕੇ ਮੀਟ ਲਈ ਅੱਖ ਵੇ**
**ਝੂਠੀ ਮੂਠੀ ਦਾ ਪਾ ਲਿਆ ਈ ਕੱਖ ਵੇ**
**ਤੂੰ ਸਾਡੇ ਵੱਲ ਤੱਕ ਸੱਜਣਾ**
**ਮੈਨੂੰ ਸੌਂਹ ਤੇਰੀ ਦਿਲਬਰ ਜਾਨੀਆਂ**
**ਤੈਥੋਂ ਜ਼ੋਰਾ ਜ਼ੋਰੀ ਪਿਆਰ ਪਈ ਮੈਂ ਲੁਕਾਨੀ ਆਂ**
**ਅੱਖਾਂ ਮੇਲ ਕੇ ਮਿਟਾ ਲੈ ਸ਼ੱਕ ਵੇ**
**ਕਿ ਸਾਡੇ ਵੱਲ ਤੱਕ ਸੱਜਣਾ**
**ਚੱਨਾ ਸੁਣ ਲੈ ਤੂੰ ਆਪੇ ਕੱਨ ਲਾਕੇ**
**ਤੇਰੇ ਨੈਣਾਂ ਤੈਥੋਂ ਚੋਰੀ ਚੋਰੀ ਜਾਕੇ**
**ਕੁੱਡੀ ਦਿਲ ਦੀ ਹਿਲਾਈ ਠੱਕ ਠੱਕ ਵੇ**
**ਕਿ ਸਾਡੇ ਵੱਲ ਤੱਕ ਸੱਜਣਾ**
**ਨਾ ਝੱਕ ਸਾਨੂੰ ਅੱਖੀਆਂ ਮਿਲਾਉਣ ਦੇ**
**ਜੱਫੀ ਨਜ਼ਰਾਂ ਨੂੰ ਘੁੱਟ ਘੁੱਟ ਪਾਉਣ ਦੇ**
**ਹੁਣ ਕਦੀ ਵੀ ਨੀ ਹੋਣਾ ਅਸਾਂ ਵੱਖ ਵੇ**
**ਕਿ ਸਾਡੇ ਵੱਲ ਤੱਕ ਸੱਜਣਾ**

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ – EKCC 5089
ਕੰਪਨੀ – ਈ.ਐਮ.ਆਈ. (ਕਰਾਚੀ ਪਾਕਿਸਤਾਨ) ਗੀਤਕਾਰ – ਬਾਬਾ ਆਲਮ ਸਿਆਹਪੋਸ਼ ਸੰਗੀਤਕਾਰ – ਸਫਦਰ ਹੁਸੈਨ ਆਵਾਜ਼ – ਜ਼ੁਬੈਦਾ ਖਾਨਮ ਫਿਲਮ – ਹੀਰ 1955 ਇਸੇ ਫਿਲਮ 'ਹੀਰ' ਵਿੱਚੋਂ ਹੀ ਮੁਨਵਰ ਸੁਲਤਾਨਾ ਦੀ ਆਵਾਜ਼ ਵਿੱਚ ਬਾਬਾ

**ਆਲਮ ਸਿਆਹਪੋਸ਼ ਦਾ ਇਕ ਹੋਰ ਗੀਤ**
**ਬੱਦਲ ਨੂੰ ਹੱਥ ਲਾਵਾਂ ਤੇ ਉੱਡੀ ਉੱਡੀ ਜਾਵਾਂ**
**ਹਵਾ ਦੇ ਨਾਲ ਨੀ ਮੈਂ ਉੱਡੀ ਉੱਡੀ ਜਾਵਾਂ, ਹਵਾ ਦੇ ਨਾਲ**
**ਕਾਲਾ ਕਾਲਾ ਕਰਨੈ ਜੇ ਰੱਗ ਚਿੱਟੇ ਬੱਦਲਾ**
**ਵੇਖ ਮੱਗ ਲੈ ਉਧਾਰਾ ਮੇਰੇ ਨੈਣਾਂ ਕੋਲੋਂ ਕੱਜਲਾ**
**ਮੈਂ ਤੇਰੇ ਕੋਲ ਆਵਾਂ, ਤੇ ਚੂੜਾ ਛਣਕਾਵਾਂ, ਹਵਾ ਦੇ ਨਾਲ**
**ਨੀ ਮੈਂ ਉੱਡੀ ਉੱਡੀ ਜਾਵਾਂ, ਹਵਾ ਦੇ ਨਾਲ**
**ਪੀਂਘ ਦੇ ਹੁਲਾਰੇ ਜਿਵੇਂ ਸੱਜਣਾਂ ਦੀ ਬਾਂਹ ਨੀ**
**ਚੁੱਮਦੀ ਏ ਮੁੱਖ ਮੇਰਾ ਧੁੱਪ ਕਦੀ, ਛਾਂ ਨੀ**
**ਮੈਂ ਦੋਵਾਂ ਨੂੰ ਸਤਾਵਾਂ ਤੇ ਆਂਵਾਂ ਕਦੇ ਜਾਵਾਂ, ਹਵਾ ਦੇ ਨਾਲ**
**ਨੀ ਮੈਂ ਉੱਡੀ ਉੱਡੀ ਜਾਵਾਂ, ਹਵਾ ਦੇ ਨਾਲ**
**ਔਖਾ ਹੋਇਆ ਉੱਠਦੀ ਜਵਾਨੀ ਨੂੰ ਸੱਭਾਲਣਾ**
**ਇਹ ਜੱਗਲੀ ਕਬੂਤਰਾਂ ਦੇ ਨੇੜੇ ਮੱਗੇ ਆਲ੍ਹਣਾ**
**ਮੈ ਕਿਹੜਾ ਪੱਜ ਲਾਵਾਂ, ਤੇ ਡਿੱਕ ਡੋਲੇ ਖਾਵਾਂ, ਹਵਾ ਦੇ ਨਾਲ**
**ਨੀ ਮੈਂ ਉੱਡੀ ਉੱਡੀ ਜਾਵਾਂ, ਹਵਾ ਦੇ ਨਾਲ**
**ਆਉਂਦਾ ਏ ਖਿਆਲ ਜਦੋਂ ਸੱਸੇ ਤੇਰੇ ਪੁੱਤ ਦਾ**
**ਨੀ ਖੁਲ੍ਹ ਖੁਲ੍ਹ ਜਾਏ ਵੱਲ ਵੱਲ ਮੇਰੀ ਗੁੱਤ ਦਾ**
**ਮੈਂ ਆਪੇ ਸ਼ਰਮਾਵਾਂ, ਤੇ ਪਿੰਡ ਵਿੱਚ ਗਾਵਾਂ, ਹਵਾ ਦੇ ਨਾਲ**
**ਨੀ ਮੈਂ ਉੱਡੀ ਉੱਡੀ ਜਾਵਾਂ, ਹਵਾ ਦੇ ਨਾਲ**

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ – EKCC 5089
ਕੰਪਨੀ – ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ – ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ – ਸਫਦਰ ਹੁਸੈਨ
ਆਵਾਜ਼ਾਂ – ਮੁਨਵਰ ਸੁਲਤਾਨਾ ਤੇ ਸਾਥਣਾਂ / ਫਿਲਮ – ਹੀਰ 1955

**ਭਾਗਾਂ ਵਾਲਿਓ ਨਾਮ ਜਪੋ ਮੌਲਾ ਨਾਮ**
**ਔਖੀਆਂ ਰਾਹਵਾਂ, ਪਹੁੱਚ ਨਾ ਪਾਵਾਂ,**
**ਲੱਮੀਆਂ ਨੇ ਮੱਜ਼ਿਲਾਂ ਪਿਆਰ ਦੀਆਂ, ਮੌਲਾ ਨਾਮ**
**ਭਾਗਾਂ ਵਾਲਿਓ ਨਾਮ ਜਪੋ ਮੌਲਾ ਨਾਮ**

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ – EKCC 5094
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤਕਾਰ – ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ – ਰਸ਼ੀਦ ਅਤਰੇ ਆਵਾਜ਼ – ਇਨਾਇਤ ਹੁਸੈਨ ਭੱਟੀ / ਫਿਲਮ – ਸ਼ਹਿਰੀ ਬਾਬੂ 1953 ਇਹ ਗੀਤ ਬਾਬਾ ਜੀ ਦੇ ਇਸ਼ਕ ਹਕੀਕੀ ਤੇ ਇਸ਼ਕ ਮਿਜਾਜ਼ੀ ਦਾ ਸੁਮੇਲ ਐ । ਚੇਤੇ ਰਹੇ ਕਿ ਇਸ ਗੀਤ ਨੂੰ ਬਾਅਦ ਵਿੱਚ ਪਾਕਿਸਤਾਨ ਦੇ ਬਹੁਤ ਕਲਾਕਾਰਾਂ ਨੇ ਰਿਕਾਰਡ ਕਰਵਾਇਆ।1955 ਵਿੱਚ ਅਨੀਸ ਬੈਨਰ ਹੇਠ ਬਣੀ ਫਿਲਮ 'ਹੀਰ' ਦਾ ਸਕਰੀਨ ਪਲੇਅ ਬਾਬਾ ਆਲਮ ਸਿਆਹਪੋਸ਼ ਨੇ ਹੀ ਲਿਖਿਆ ਇਸ ਫਿਲਮ ਵਿੱਚ ਬਹੁਤੇ ਗੀਤ ਵੀ ਸਿਆਹਪੋਸ਼ ਦੇ ਹੀ ਲਿਖੇ ਹੋਏ ਹਨ । ਇਸ ਫਿਲਮ ਦੇ ਸੰਗੀਤਕਾਰ ਹਨ ਸਫਦਰ ਹੁਸੈਨ । ਇਹ ਫਿਲਮ ਆਪਣੇ ਗੀਤਾਂ ਦੀ ਬਦੌਲਤ ਬਹੁਤ ਸਰਾਹੀ ਗਈ । ਫਿਲਮ ਹੀਰ ਵਿੱਚੋਂ ਬਾਬਾ ਆਲਮ ਸਿਆਹਪੋਸ਼ ਦਾ ਇਕ ਗੀਤ ਜ਼ੁਬੈਦਾ ਖਾਨਮ ਦੀ ਆਵਾਜ਼–ਢੋਲ ਦਿਲੇ ਦਾ ਜਾਨੀ, ਅਜੇ ਨਹੀਂ ਆਇਆ ਦੇਕੇ ਦਰਦ ਨਿਸ਼ਾਨੀ ਕਿ ਚੱਨ ਫੇਰਾ ਨਹੀਂ ਪਾਇਆ

**ਵੇ ਮੈਂ ਅਜੇ ਵੀ ਆਸਾਂ ਰੱਖੀਆਂ,**
**ਤੇਰਾ ਰਸਤਾ ਤੱਕ ਤੱਕ ਥੱਕੀਆਂ**
**ਕਿ ਰੋ ਪਈਆਂ ਅੱਖੀਆਂ**
**ਜਾਗੀ ਪੀੜ ਪੁਰਾਣੀ, ਜੀ ਘਬਰਾਇਆ**
**ਢੋਲ ਦਿਲੇ ਦਾ ਜਾਨੀ ਅਜੇ ਨਹੀਂ ਆਇਆ**
**ਵੇ ਮੈਂ ਰੋਣ ਲਈ ਧੂੱਏਂ ਦਾ ਪੱਜ ਲਾਵਾਂ,**
**ਕਿੱਝ ਦਿਲ ਦਾ ਸਾੜ ਬੁਝਾਵਾਂ**
**ਤੇ ਮਰਦੀ ਜਾਵਾਂ**
**ਕੱਲੀ ਜਿੰਦ ਨਿਮਾਣੀ, ਦੇਸ ਪ੍ਰਾਇਆ**
**ਢੋਲ ਦਿਲੇ ਦਾ ਜਾਨੀ ਅਜੇ ਨਹੀਂ ਆਇਆ**
**ਆ ਚੱਨਾਂ ਮੈਂ ਡਾਹਢੀ ਦੁਖੀ ਆਂ**
**ਨਹਿਰਾਂ ਗ਼ਮ ਦੀਆਂ ਵੱਗ ਵੱਗ ਸੁੱਕੀਆਂ**
**ਉਡੀਕਾਂ ਨਹੀਂ ਮੁੱਕੀਆਂ**
**ਮੇਰੀ ਘਰ ਘਰ ਪਵੇ ਕਹਾਣੀ, ਮੈਂ ਨਿਹੁੱ ਲਾਇਆ**
**ਢੋਲ ਦਿਲੇ ਦਾ ਜਾਨੀ, ਅਜੇ ਨਹੀਂ ਆਇਆ**

10 ਅਪ੍ਰੈਲ 1959 ਨੂੰ ਨਿਰਮਾਤਾ ਤੇ ਅਦਾਕਾਰਾ ਸਬੀਹਾ ਖਾਨਮ ਦੀ ਸਬੀਹਾ ਪ੍ਰੋਡਕਸ਼ਨ ਦੇ ਬੈਨਰ ਹੇਠ ਰਿਲੀਜ਼ ਹੋਈ ਫਿਲਮ 'ਨਾਜੀ' ਵਿੱਚੋਂ ਬਾਬਾ ਆਲਮ ਸਿਆਹਪੋਸ਼ ਦਾ ਲਿਖਿਆ ਸਫਦਰ ਹੁਸੈਨ ਦਾ ਸੰਗੀਤਬੱਧ ਕੀਤਾ ਤੇ ਜ਼ੁਬੈਦਾ ਖਾਨਮ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ 'ਜੀਵੇ ਢੋਲਾ' ਬਹੁਤ ਮਕਬੂਲ ਹੋਇਆ

**ਸਿਰ ਸੇਹਰਾ ਬੱਨ੍ਹ ਆ,**
**ਘੁੱਡ ਮੁੱਖੜੇ ਤੋਂ ਚਾ ਜੀਵੇ ਢੋਲਾ ਹੋ,**




**ਮੇਰਾ ਜੀਵੇ ਢੋਲਾ ਤੇਰੇ ਹੱਥ ਗਾਨਾ,**
**ਮੇਰੇ ਹੱਥ ਮਹਿੰਦੀ,**
**ਮੇਰੀ ਜ਼ੁਲਫ਼ਾਂ ਦੀ ਲਟ ਖੁੱਲ੍ਹ ਖੁੱਲ੍ਹ ਪੈਂਦੀ ਵਗੇ ਪੁਰੇ ਦੀ ਹਵਾ,**
**ਬੀਬਾ ਸਾਨੂੰ ਨਾ ਸਤਾ**
**ਜੀਵੇ ਢੋਲਾ ਹੋ ਮੇਰਾ ਜੀਵੇ ਢੋਲਾ**
**ਘੋੜੀ ਵਾਲਿਆ ਪਿਛਾਂਹ ਨੂੰ ਮੋੜ ਵਾਗ ਵੇ,**
**ਅਜੇ ਲਾਗੀਆਂ ਨੇ ਲੈਣੇ ਤੇਰੇ ਕੋਲੋਂ ਲਾਗ ਵੇ**
**ਕੋਈ ਗੱਲ ਤੇ ਸੁਣਾ, ਗੱਲ ਛੇੜ ਕੇ ਵਿਖਾ**
**ਜੀਵੇ ਢੋਲਾ ਹੋ ਮੇਰਾ ਜੀਵੇ ਢੋਲਾ**
**ਡੋਲੀ ਫੇਰ ਚੁੱਕੀਂ, ਬਾਬਲ ਨੂੰ ਆ ਲੈਣ ਦੇ**
**ਕਰੀ ਭੁੱਲ ਕੋਈ ਸਾਨੂੰ ਬਖਸ਼ਾ ਲੈਣ ਦੇ**
**ਮੇਰੇ ਬਾਬਲ ਨੂੰ ਮੈਨੂੰ ਦੇਖਣੇ ਦਾ ਚਾਅ**
**ਜੀਵੇ ਢੋਲਾ ਹੋ ਮੇਰਾ ਜੀਵੇ ਢੋਲਾ**

ਰਿਕਾਰਡ ਦਾ ਲੜੀ ਨੰਬਰHMV – EKDC 5035
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ – ਸਫਦਰ ਹੁਸੈਨ ਆਵਾਜ਼ਾ – ਜ਼ੁਬੈਦਾ ਖਾਨਮ / ਫਿਲਮ – ਨਾਜੀ 1959 20 ਨਵੰਬਰ 1964 ਨੂੰ ਸ਼ਬਾਬ ਕਰਿਆਣਵੀ ਦੀ ਲਿਖੀ , ਸ਼ਬਾਬ ਪ੍ਰੋਡਕਸ਼ਨ ਦੇ ਬੈਨਰ ਹੇਠ ਆਈ ਫਿਲਮ 'ਮਲੰਗ' ਦੇ ਡਾਇਲਾਗ ਤੇ ਗੀਤ ਬਾਬਾ ਆਲਮ ਸਿਆਹਪੋਸ਼ ਨੇ ਲਿਖੇ । ਇਸ ਦਾ ਸੰਗੀਤ ਮਨਜ਼ੂਰ ਅਸ਼ਰਫ ਨੇ ਕੀਤਾ । ਮਲੰਗ ਵਿੱਚੋਂ ਬਾਬਾ ਆਲਮ ਸਿਆਹਪੋਸ਼ ਦਾ ਗੀਤ ਨਸੀਮ ਬੇਗਮ ਦੀ ਆਵਾਜ਼ ਵਿੱਚ ਮੇਰੀ ਜੁਗਨੀ ਦਾ ਧਾਗਾ ਕਾਲਾ,

**ਮੇਰਾ ਮਾਹੀ ਭੋਲਾ ਭਾਲਾ ਸੁੱਤੇ ਲੇਖ ਜਗਾਵਣ ਵਾਲਾ**
**ਓ ਚੱਨ ਮੇਰਿਆ ਓ ਜੁਗਨੀ ਕਹਿੰਦੀ ਆ**
**ਤੇ ਨਾਮ ਸੱਜਣ ਦਾ ਲੈਂਦੀ ਆ**
**ਮੁੱਖੜਾ ਜੇਠ ਹਾੜ ਦੀ ਧੁੱਪ, ਤੇ ਰਾਤਾਂ ਕਾਲੜੀਆਂ**
**ਮੇਰੇ ਅੱਗ ਅੱਗ ਚੋਂ, ਚੋ ਚੋ ਪੈਂਦੀਆਂ ਲਾਲੜੀਆਂ**
**ਬਾਹਵਾਂ ਗੋਰੀਆਂ ਲੈਣ ਹੁਲਾਰੇ, ਜੁਗਨੀ ਮਾਰਦੀ ਏ ਚਮਕਾਰੇ**
**ਮੁੜ ਮੁੜ ਵਾਜਾਂ ਤੈਨੂੰ ਮਾਰੇ, ਓ ਚੰਨ ਮੇਰਿਆ ਓ ਜੁਗਨੀ**
**ਮੇਰੇ ਨੈਣਾਂ ਦੇ ਵਿੱਚ ਕੱਜਲਾ ਬਣਕੇ, ਹੱਸਣਾ ਏਂ**
**ਮੇਰੇ ਲੂੰ ਲੂੰ ਦੇ ਵਿੱਚ ਮਾਹੀਆ, ਤੂੰ ਹੀ ਵੱਸਣਾਂ ਏਂ**
**ਜੁਗਨੀ ਕੀਤੀ ਐਸੀ ਅਰਜ਼ੀ, ਸੱਜਣ ਬਣ ਗਿਆ ਦਿਲ ਦਾ ਦਰਦੀ**
**ਮਿਲ ਗਈ ਮਰਜ਼ੀ ਦੇ ਨਾਲ ਮਰਜ਼ੀ, ਹੋ ਚੰਨ ਮੇਰਿਆ ਓ ਜੁਗਨੀ**
**ਮੈਨੂੰ ਕੁਤਕੁਤਾਰੀਆਂ ਕੱਢਣ ਪਈਆਂ, ਹਾਣ ਦੀਆਂ**
**ਉਹ ਮੇਰੀਆਂ ਤੇਰੀਆਂ ਸਾਰੀਆਂ, ਰਮਜ਼ਾਂ ਜਾਣਦੀਆਂ**
**ਜੁਗਨੀ ਮਾਰੀ ਐਸੀ ਛਾਲ, ਵੇ ਮੈਂ ਹੋ ਗਈ ਲਾਲੋ ਲਾਲ**
**ਲਾਲ ਵੇ ਮੈਨੂੰ ਆਣ ਸੱਭਾਲ, ਮਾਹੀ ਮੇਰਿਆ ਵੇ ਜੁਗਨੀ**

ਰਿਕਾਰਡ ਦਾ ਲੜੀ ਨੰਬਰ HMV - EKDC 5010
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ – ਮਨਜ਼ੂਰ ਅਸ਼ਰਫ
ਆਵਾਜ਼ਾਂ – ਨਸੀਮ ਬੇਗਮ / ਫਿਲਮ – ਮਲੰਗ 1964
9 ਜੂਨ 1967 ਨੂੰ ਨਿਰਮਾਤਾ ਆਗਾ ਜੀ ਏ ਗੁੱਲ ਨੇ ਐਵਨਿਊ ਪਿਕਚਰਜ਼ ਦੇ ਬੈਨਰ ਹੇਠ ਫਿਲਮ ਰਾਵੀ ਪਾਰ ਰੀਲੀਜ਼ ਕੀਤੀ । ਜਿਸ ਦਾ ਸੰਗੀਤ ਜੀ ਏ ਚਿਸ਼ਤੀ ਨੇ ਕੀਤਾ । ਇਸ ਵਿੱਚੋਂ ਬਾਬਾ ਆਲਮ ਸਿਆਹਪੋਸ਼ ਦਾ ਲਿਖਿਆ ਜੀ ਏ ਚਿਸ਼ਤੀ ਦਾ ਸੰਗੀਤਬੱਧ ਕੀਤਾ ਦੋ–ਗਾਣਾ ਮਾਸੂਦ ਰਾਣਾ ਤੇ ਮਾਲਾ ਦੀਆਂਆਵਾਜ਼ਾਂ ਵਿੱਚ

**ਰਾਵੀ ਪਾਰ ਵੱਸੇ ਨੀ ਮੇਰਾ ਪਿਆਰ, ਵੱਸੇ ਉਹ ਰਾਵੀ ਪਾਰ**
**ਮੈਂ ਡੋਲਾਂ ਤੇ ਹਿਲਦੀ ਦਿਲ ਦੀ ਤਾਰ, ਵੱਸੇ ਉਹ ਰਾਵੀ ਪਾਰ**
**ਰਾਵੀ ਪਾਰ ਵੱਸੇ ਹੋ ਮੇਰਾ ਪਿਆਰ, ਵੱਸੇ ਹੋ ਰਾਵੀ ਪਾਰ**
**ਉਹ ਹੱਸੇ ਤਾਂ ਖਿੜ ਪੈਂਦੀ ਗੁਲਜ਼ਾਰ, ਵੱਸੇ ਹੋ ਰਾਵੀ ਪਾਰ**
**ਤੂੰ ਸ਼ਾਖ਼ ਤੇ ਮੈਂ ਆਂ ਫੁੱਲ ਮਾਹੀਆ, ਮੇਰੇ ਪਿਆਰ ਦਾ ਕੋਈ ਨਾ ਮੁੱਲ ਮਾਹੀਆ**
**ਮੈਂ ਬਣ ਜਾਵਾਂ ਤੇਰੇ ਗਲੇ ਦਾ ਹਾਰ, ਵੱਸੇ ਉਹ ਰਾਵੀ ਪਾਰ**
**ਮੇਰੇ ਦਿਲ ਵਿੱਚ ਤੇਰੀ ਥੋੜ ਕੁੜੇ, ਨੀ ਮੈਨੂੰ ਹਰਦਮ ਤੇਰੀ ਲੋੜ ਕੁੜੇ**
**ਅਸੀਂ ਚੁੱਕ ਲਿਆ ਇਸ਼ਕ ਤੇਰੇ ਦਾ ਭਾਰ, ਵੱਸੇ ਹੋ ਰਾਵੀ ਪਾਰ**
**ਇਹ ਆਖੇ ਮੇਰੀ ਰੂਹ ਮਾਹੀਆ, ਮੈਂ ਨੱਸਾਂ ਤੇ ਤੂੰ ਮੈਨੂੰ ਛੂਹ ਮਾਹੀਆ**
**ਮੈਂ ਇੱਝ ਫਿਰਦੀ, ਜਿਉਂ ਬਿਜਲੀ ਦੀ ਤਾਰ, ਵੱਸੇ ਉਹ ਰਾਵੀ ਪਾਰ**
**ਜਰਾ ਰੁਕ ਨੀ ਕੁੜੇ, ਜਰਾ ਠਹਿਰ ਕੁੜੇ, ਛਾਂ ਠੱਢੀ ਸਿਖਰ ਦੁਪਹਿਰ ਕੁੜੇ**
**ਆ ਕਰ ਲਈਏ ਅੱਜ ਪੱਕੇ ਕੌਲ ਕਰਾਰ, ਵੱਸੇ ਹੋ ਰਾਵੀ ਪਾਰ**
**ਰਾਵੀ ਪਾਰ ਵੱਸੇ ਹੋ ਮੇਰਾ ਪਿਆਰ, ਵੱਸੇ ਹੋ ਰਾਵੀ ਪਾਰ**

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ – 7KCC 5020
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ – ਜੀ ਏ ਚਿਸ਼ਤੀ ਆਵਾਜ਼ਾਂ – ਮਾਸੂਦ ਰਾਣਾ ਅਤੇ ਮਾਲਾ / ਫਿਲਮ – ਰਾਵੀ ਪਾਰ 1967 ਪਾਕਿਸਤਾਨ ਵਿੱਚ ਬਾਬਾ ਜੀ ਦੇ ਬਹੁਤ ਗੀਤ ਰਿਕਾਰਡ ਹੋਏ ਹੋਣਗੇ । ਪਰ ਉਸ ਸਮੇਂ ਭਾਰਤ ਵਿੱਚ ਪਾਕਿਸਤਾਨੀ ਰਿਕਾਰਡਾਂ ਦੀ ਪਹੁੰਚ ਨਹੀਂ ਸੀ । ਟਾਂਵਾਂ ਟਾਂਵਾਂ ਰਿਕਾਰਡ ਹੀ ਭਾਰਤ ਪਹੁੰਚਦਾ ਹੁੰਦਾ ਸੀ । ਸਿਰਫ ਪਾਕਿਸਤਾਨ ਰੇਡੀਓ ਹੀ ਇਕ ਅਜਿਹਾ ਸਾਧਨ ਸੀ ਜਿੱਥੋਂ ਭਾਰਤੀ ਲੋਕ ਪਾਕਿਸਤਾਨੀ ਗੀਤ ਸੁਣਦੇ ਸਨ ।ਮੇਰਾ ਕਹਿਣ ਦਾ ਮਤਲਬ ਹੈ ਕਿ ਪਾਕਿਸਤਾਨ ਵਿੱਚ ਬਾਬਾ ਆਲਮ ਦੇ ਬਹੁਤ ਗੀਤ ਰਿਕਾਰਡ ਹੋਏ ਜੋ ਪਾਕਿਸਤਾਨ ਦੇ ਆਵਾਮ ਵਿੱਚ ਬਹੁਤ ਮਕਬੂਲ ਹੋਏ । ਪਰ ਭਾਰਤੀ ਪੰਜਾਬ ਦੇ ਸ੍ਰੋਤੇ ਉਹਨਾਂ ਤੋਂ ਵਾਂਝੇ ਰਹਿ ਗਏ । ਹੁਣ ਜਦੋਂ ਇੰਟਰਨੈੱਟ ਦਾ ਯੁੱਗ ਆਇਆ ਤਾਂ ਜੋ ਜਾਣਕਾਰੀ ਇੰਟਰਨੈੱਟ ਜ਼ਰੀਏ ਮਿਲਦੀ ਹੈ ਉਹ ਕਿਸੇ ਤੱਥਾਂ ਤੇ ਅਧਾਰਿਤ ਨਹੀਂ ਕਿਉਂਕਿ ਕਿਸੇ ਵੀ ਗੀਤ ਦੇ ਗੀਤਕਾਰ ਦੇ ਨਾਮ ਦੀ ਪੁਸ਼ਟੀ ਉਸ ਰਿਕਾਰਡ ਤੇ ਅੰਕਿਤ ਨਾਵਾਂ ਤੋਂ ਹੀ ਹੁੰਦੀ ਐ । ਉਹ ਰਿਕਾਰਡ ਹੀ ਗੀਤਕਾਰਾਂ ਦੇ ਗਵਾਹ ਹਨ । ਪਰ ਹੁਣ ਰਿਕਾਰਡ ਖਤਮ ਹੋ ਗਏ । ਬੇਸ਼ੱਕ ਬਾਬਾ ਜੀ ਦੀ ਕਲਮ ਨਿਰੰਤਰ ਚਲਦੀ ਰਹੀ । ਮੈਂ ਇੱਥੇ ਉਨ੍ਹਾਂ ਦੇ ਸਿਰਫ਼ ਉਹਨਾਂ ਗੀਤਾਂ ਦਾ ਹੀ ਜ਼ਿਕਰ ਕਰਾਂਗਾ ਜੋ ਬਚਪਨ ਤੋਂ ਭਾਰਤੀ ਪੰਜਾਬ ਵਿੱਚ ਰਹਿੰਦਿਆਂ ਮੇਰੇ ਕੰਨਾ ਵਿੱਚ ਆਪ ਮੁਹਾਰੇ ਪਏ ਤੇ ਦਿਲ ਵਿਚ ਆਪਣਾ ਘਰ ਬਣਾਈ ਬੈਠੈ ਹਨ । ਜਾਂ ਜਿਹਨਾਂ ਦੇ ਗ੍ਰਾਮੋਫੋਨ ਰਿਕਾਰਡ ਉਪਲੱਬਧ ਹੋ ਸਕੇ ।2 ਸਿਤੰਬਰ 1967 ਵਿੱਚ ਨਿਰਮਾਤਾ ਬਸ਼ੀਰ ਮਲਿਕ ਦੀ ਫਿਲਮ ਮੇਰਾ ਵੀਰ ਸੰਗੀਤਕਾਰ ਸਲੀਮ ਇਕਬਾਲ ਦੇ ਸੰਗੀਤ ਵਿੱਚ ਆਈ । ਇਸ ਫਿਲਮ ਦੇ ਡਾਇਲਾਗ ਤੇ ਗੀਤ ਬਾਬਾ ਆਲਮ ਸਿਆਹਪੋਸ਼ ਦੇ ਲਿਖੇ ਸਨ । ਇਹ ਗੀਤ ਲਾਹੌਰ ਰੇਡੀਓ ਤੋਂ ਬੜਾ ਲੰਮਾ ਸਮਾਂ ਚਲਾਏ ਜਾਂਦੇ ਰਹੇ । ਇਸ ਫਿਲਮ ਵਿੱਚੋਂ ਗਾਇਕਾ ਨਸੀਮ ਬੇਗਮ ਦੀ ਆਵਾਜ਼ ਵਿੱਚ ਇਕ ਗੀਤ ਜੋ ਭਾਰਤੀ ਪੰਜਾਬ ਵਿੱਚ ਵੀ ਬਹੁਤ ਸੁਣਿਆ ਗਿਆ ।

**ਜੀਹਦਾ ਦਿਲ ਟੁੱਟ ਜਾਏ, ਜੀਹਦੀ ਗੱਲ ਮੁੱਕ ਜਾਏ**
**ਜੀਹਨੂੰ ਚੋਟ ਲੱਗੇ ਉਹ ਜਾਣੇ**
**ਦੁਖੀ ਦਿਲ ਦਾ ਹਾਲ ਕੀ ਜਾਣਨ ਲੋਕ ਬੇਗਾਨੇ**
**ਜੀਹਦਾ ਦਿਲ ਟੁੱਟ ਜਾਏ, ਜੀਹਦੀ ਗੱਲ ਮੁੱਕ ਜਾਏ**
**ਜੀਹਨੂੰ ਚੋਟ ਲੱਗੇ ਉਹ ਜਾਣੇ**
**ਸਾਡੇ ਪੂਰੇ ਹੋ ਗਏ ਲੇਖੇ, ਅਸੀਂ ਉੱਜੜੇ ਭੋਲ ਭੁਲੇਖੇ**
**ਜਿਹਨਾਂ ਬੇਕਦਰਾਂ ਨਾਲ ਲਾਈਆਂ, ਉਹ ਲੁਕ-ਲੁਕ ਰੋਂਦੇ ਵੇਖੇ**
**ਅਸੀਂ ਜਿਉਂਦੇ ਮਰ ਗਏ, ਹਾਏ ਸੂਲੀ ਚੜ੍ਹ ਗਏ**
**ਸਾਡੇ ਟੁੱਟ ਗਏ ਪਿਆਰ ਪੁਰਾਣੇ**
**ਸਾਨੂੰ ਜਾਣ ਕੇ ਸਾਦ ਮੁਰਾਦੇ, ਸਭ ਕੀਤੇ ਝੂਠੇ ਵਾਅਦੇ**
**ਅਸੀਂ ਖੜ੍ਹੇ ਖਲੋਤੇ ਰਹਿ ਗਏ, ਹੁਣ ਸਾਡੇ ਜ਼ੋਰ ਨੇ ਕਾਹਦੇ**
**ਅੱਜ ਖੁਸ਼ੀ ਭੁੱਲ ਗਏ, ਅੱਜ ਅਸੀਂ ਰੁੱਲ ਗਏ**
**ਸਾਡੇ ਰੋਂਦੇ ਨੈਣ ਨਿਮਾਣੇ**
**ਹੱਝੂ ਰਹਿ ਗਏ, ਰੁੱਸ ਗਏ ਹਾਸੇ, ਅਸੀਂ ਜਾਈਏ ਕਿਹੜੇ ਪਾਸੇ**
**ਅਸੀਂ ਮਾਣ ਕੀਹਦੇ ਤੇ ਕਰੀਏ, ਸਾਨੂੰ ਦੇਵੇ ਕੌਣ ਦਿਲਾਸੇ**
**ਉਹ ਸ਼ਾਦ ਰਵ੍ਹੇ, ਆਬਾਦ ਰਵ੍ਹੇ**
**ਸਾਨੂੰ ਜਾਣੇਂ ਯਾ ਨਾਂ ਜਾਣੇ**

ਰਿਕਾਰਡ ਦਾ ਲੜੀ ਨੰਬਰ–HMV - 7KDC 5076
ਕੰਪਨੀ – ਈ ਐਮ ਆਈ ਕਰਾਚੀ ਪਾਕਿਸਤਾਨ
ਗੀਤਕਾਰ – ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ – ਸਲੀਮ ਇਕਬਾਲ ਆਵਾਜ਼ਾ – ਨਸੀਮ ਬੇਗਮ / ਫਿਲਮ – ਮੇਰਾ ਵੀਰ 1967

## facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਖਿਆਲੇ ਦਾ ਰਾਣੀ ਤੱਤ ਵਾਲਾ ਹਰਮਨ ਅਤੇ ਮਲਵਈ ਗੁੜ

ਮਾਨਸਾ ਵਿਖੇ 2002 ਦੌਰਾਨ ਅਧਿਕਾਰੀ ਰਹੇ ਇੱਕ ਭੱਦਰ ਪੁਰਸ਼ ਮਲਵਈ ਗੁੜ ਲੈਣ ਖਿਆਲਾ ਕਲਾਂ ਸਥਿੱਤ ਮਲਵਈ ਸਟੋਰ ਪੁੱਜੇ। ਮੈਨੂੰ ਪਹਿਲੀ ਵਾਰ ਮਿਲਦਿਆਂ ਹੀ ਉਹ ਬੋਲੇ ਬਾਈ ਜੀ ਤੁਹਾਡੇ ਖਿਆਲੇ ਦੀਆਂ ਦੋ ਚੀਜਾਂ ਬਹੁਤ ਮਸ਼ਹੂਰ ਹਨ ਇੱਕ ਰਾਣੀ ਤੱਤ ਦੇ ਲੇਖਕ ਹਰਮਨ ਅਤੇ ਦੂਸਰਾ ਤੁਹਾਡਾ ਮਲਵਈ ਗੁੜ। ਮੈਂ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਹਰਮਨ ਤਾਂ ਕਾਫੀ ਸਮੇਂ ਤੋਂ ਮਸ਼ਹੂਰ ਹੈ ਜੀ ਪਰ ਮਲਵਈ ਗੁੜ ਤੁਹਾਡੇ ਵਰਗੇ ਮਿੱਤਰਾਂ



ਦੇ ਸਹਿਯੋਗ ਨਾਲ ਪਿਛਲੇ ਚਾਰ ਕੁ ਸਾਲਾਂ ਤੋਂ ਹੀ ਮਸ਼ਹੂਰ ਹੋਇਆ ਹੈ।

ਊਂ ਗੱਲ ਦੋਵਾਂ ਵਿੱਚ ਸਾਂਝੀ ਹੈ। ਹਰਮਨ ਦੀਆਂ ਲਿਖਤਾਂ ਗੁੜ ਨਾਲੋਂ ਵੀ ਮਿੱਠੀਆਂ ਹੁੰਦੀਆਂ ਨੇ ਚਾਹੇ ਉਹ ਕਿਤਾਬ ਰਾਣੀ ਤੱਤ ਹੋਵੇ ਅਤੇ ਚਾਹੇ ਗੀਤ ਲੌਂਗ ਲਾਚੀ ਹੋਵੇ। ਉਸਦਾ ਲਿਖਿਆ ਗੀਤ ਆਰ ਨਾਨਕ ਪਾਰ ਨਾਨਕ ਵੀ ਸੁਣਨ ਵਾਲੇ ਦੀਆਂ ਅੱਖਾਂ ਮੁੰਦਛੱਡਦਾ ਹੈ। ਮੈਨੂੰ ਹੋਰ ਵੀ ਖੁਸ਼ੀ ਹੈ ਕਿ ਸਾਡੇ ਖਿਆਲੇ ਦਾ ਹਰ ਮਨ ਮਲਵਈ ਗੁੜ ਸ਼ੱਕਰ ਦਾ ਪੱਕਾ ਖਪਤਕਾਰ ਹੈ। ਜਦੋਂ ਉਹ ਆਪਣੀ ਜੀਵਨ ਸਾਥਣ ਨਾਲ ਮਲਵਈ ਸਟੋਰ ਵਿਖੇ ਗੁੜ ਸ਼ੱਕਰ ਲੈਣ ਆਇਆ ਤਾਂ ਉਸਨੇ ਕਿਹਾ ਤੁਸੀਂ ਸਾਨੂੰ ਆਪਣੇ ਗੁੜ ਸ਼ੱਕਰ ਦਾ ਬੈਲ ਲਾ ਦਿੱਤਾ ਹੈ। ਹੁਣ ਇਸ ਬਿਨਾਂ ਹੋਰ ਕੋਈ ਗੁੜ ਸ਼ੱਕਰ ਜਾਂ ਖੰਡ ਚੰਗੀ ਹੀ ਨਹੀਂ ਲੱਗਦੀ। ਹੁਣ ਆਪਾਂ ਗੱਲ ਕਰਦੇ ਹਾਂ ਹਰਮਨ ਦੀ। ਹਰਮਨ ਬਹੁਤ ਹੀ ਸਿਆਣਾ, ਸਲੀਕੇ ਵਾਲਾ ਅਤੇ ਸ਼ਾਂਤ ਸੁਭਾਅ ਮੁੰਡਾ ਹੈ। ਉਸਦੀ ਕਲਮ ਵਿੱਚੋਂ ਪੰਜਾਬੀ ਅੱਖਰਾਂ ਦੇ ਜਿਹੜੇ ਨਮੂਨੇ ਡਿੱਗਦੇ ਹਨ ਉਹ ਪੰਜਾਬੀ ਪਾਠਕਾਂ ਅਤੇ ਸ੍ਰੋਤਿਆਂ ਦੇ ਦਿਲਾਂ ਵਿੱਚ ਮਲਵਈ ਗੁੜ ਸ਼ੱਕਰ ਅਤੇ ਮਿਸਰੀ ਦੀ ਮਿਠਾਸ ਬਣਕੇ ਰਚ ਜਾਂਦੇ ਹਨ। ਹਰਮਨ ਦਾ ਸਫਰ ਬਹੁਤ ਲੰਬਾ ਹੈ। ਅਰਦਾਸ ਬੇਨਤੀ ਹੈ ਪ੍ਰਮਾਤਮਾ ਉਸਨੂੰ ਤੰਦਰੁਸਤੀ ਤੇ ਹੋਰ ਗੁਣ ਬਖਸ਼ੇ। ਕਿੱਤੇ ਵਜੋਂ ਹਰਮਨ ਪ੍ਰਾਇਮਰੀ ਸਕੂਲ ਅਧਿਆਪਕ ਹੈ। ਭਾਵੇਂ ਅਧਿਆਪਨ ਕਾਰਜ ਬਹੁਤ ਹੀ ਪੁੰਨ ਵਾਲਾ ਅਤੇ ਨਵੇਂ ਚਿਹਰੇ ਘੜਕੇ ਸਮਾਜ ਦੀ ਝੋਲੀ ਪਾਉਂਣ ਵਾਲਾ ਮੰਨਿਆ ਜਾਂਦਾ ਹੈ ਪਰ ਮੈਨੂੰ ਲੱਗਦਾ ਹੈ ਪ੍ਰਾਇਮਰੀ ਸਿੱਖਿਆ ਕਾਰਜ ਹਰਮਨ ਵਰਗੇ ਹੋਣਹਾਰ ਅਤੇ ਸ਼ਾਂਤ ਚਿੱਤ ਬੰਦੇ ਦੇ ਫਿੱਟ ਨਹੀਂ ਬੈਠਦਾ ਹੋਣਾ। ਇੱਕ ਅਣਭੋਲ ਬੱਚਿਆਂ ਨਾਲ ਵਾਹ ਵਾਸਤਾ ਅਤੇ ਦੂਸਰਾ ਵਿੱਦਿਅਕ ਢਾਂਚੇ ਦੇ ਫਾਲਤੂ ਦੇ ਬੋਝ ਹਰਮਨ ਦੀ ਸਿਰਜਣਾ ਵਿੱਚ ਰੁਕਾਵਟ ਜਰੂਰ ਬਣਦੇ ਹੋਣਗੇ। ਮੇਰਾ ਖਿਆਲ ਹੈ ਕੋਮਲ ਬੱਚਿਆਂ ਦਾ ਸ਼ੋਰ ਤਾਂ ਹਰਮਨ ਨੂੰ ਬਹੁਤ ਮਿੱਠਾ ਲੱਗਦਾ ਹੋਵੇਗਾ ਪਰ ਸਿੱਖਿਆ ਵਿਭਾਗ ਦੇ ਵਟਸ ਐਪ ਸੁਨੇਹਿਆਂ ਦੀ ਟਣ ਟਣ ਉਸਦਾ ਧਿਆਨ ਜਰੂਰ ਭੰਗ ਕਰਦੀ ਹੋਵੇਗੀ। ਕਿਤੇ ਇਹ ਨਾ ਹੋਵੇ ਕਿ ਅਸੀਂ ਪੰਜਾਬੀ ਦੇ ਬਹੁਤ ਹੀ ਕਾਬਲ ਅਤੇ ਨੌਜਵਾਨ ਲੇਖਕ ਦੀ ਲਿਖਨ ਕਲਾ ਵਿੱਚ ਖਲਲ੍ਹ ਪਾ ਦੇਈਏ। ਮੇਰੀ ਬੇਨਤੀ ਹੈ ਪੰਜਾਬ ਸਰਕਾਰ ਅਤੇ ਸੱਭਿਆਚਾਰ ਨਾਲ ਜੁੜੇ ਹੋਰ ਸਰਕਾਰੀ ਅਦਾਰਿਆਂ ਨੂੰ ਕਿ ਉਹ ਹਰਮਨ ਨੂੰ ਕਿਸੇ ਸ਼ਾਂਤ ਥਾਂ ਅਤੇ ਉਸਦੇ ਹਾਣ ਦੀ ਨੌਕਰੀ ਵਾਲੇ ਵਿਭਾਗ ਵਿੱਚ ਤਬਦੀਲ ਕਰਨ। ਜਦੋਂ ਸਰਕਾਰੀ ਮੁਲਾਜਮਤ ਵਾਲਾ ਥਾਂ ਉਸਨੂੰ ਕੁੜਤੇ, ਚਾਦਰੇ, ਤੁਰਲੇ ਵਾਲੀ ਪੱਗ ਅਤੇ ਨੋਕ ਵਾਲੀ ਜੁੱਤੀ ਵਾਂਗ ਫਬ ਗਿਆ ਫਿਰ ਉਸਦੀਆਂ ਰਚਨਾਵਾਂ ਵਿੱਚ ਪੰਜਾਬੀਆਂ ਦੀ ਬੜਕ ਵਰਗਾ ਜੋਸ਼ ਤੇ ਨਿਖਾਰ ਆਵੇਗਾ। ਉਹਦੇ ਅੱਖਰਾਂ ਦੇ ਮੋਤੀ ਮਾਂ ਬੋਲੀ ਦੇ ਹੰਸਾਂ ਦੇ ਹਿੱਸੇ ਆਉਂਣਗੇ । ਉਸਦੇ ਗੀਤਾਂ ਦੇ ਮੁੱਖੜਿਆਂ 'ਤੇ ਅਨੇਕਾਂ ਕੁਲੈਹਿਰੀ ਮੋਰ ਨਾਚ ਕਰਨਗੇ। ਆਓ ਮੇਰੀ ਇਸ ਅਪੀਲ ਨੂੰ ਕਲਾ ਨਾਲ ਜੁੜੇ ਮੁੱਖ ਮੰਤਰੀ ਸਾਹਿਬ ਅਤੇ ਸਿੱਖਿਆ ਮੰਤਰੀ ਸਾਹਬ ਤੱਕ ਪੁੱਜਦਾ ਕਰੀਏ ਤਾਂ ਜੋ ਜਲਦੀ ਨਾਲ ਹਰਮਨ ਨੂੰ ਕੋਈ ਹੋਰ ਜਿੰਮੇਵਾਰੀ ਮਿਲੇ ਅਤੇ ਉਹ ਮਾਂ ਬੋਲੀ ਦੀ ਰਾਖੀ ਲਈ ਹੋਰ ਨਿੱਠ ਕੇ ਕੰਮ ਵਿੱਢੇ।

**ਹਰਦੀਪ ਸਿੰਘ ਜਟਾਣਾ**
**9417254517**

## ਉਹ ਵੇਲਾ ਯਾਦ ਕਰ




**ਡਾ. ਬਲਵਿੰਦਰ ਕੌਰ ਬਰਾੜ**
**403 590 9629**

# ਪਾਲ਼ਾ, ਪਾਲ਼ਾ, ਪਾਲ਼ਾ, ਬਜ਼ੁਰਗਾਂ ਦਾ ਜਵਾਈ, ਗੱਭਰੂਆਂ ਦਾ ਸਾਲ਼ਾ

**ਕੁੱਝ ਨਾ ਮਿਲਣਾ ਤੈਨੂੰ ਰੰਗ ਬਰੰਗੇ ਕੱਪੜੇ ਪਾ ਕੇ,**
**ਜੇ ਕਰ ਤੇਰੇ ਦਿਲ ਵਿੱਚ ਹੈ ਨਹੀਂ ਰੰਗਾਂ ਦਾ ਦਰਿਆ।**
**ਦਿਲ ਰੋਂਦਾ ਹੈ ਤੇਰਾ ਰੌਸ਼ਨ ਅੱਖਾਂ ਵਿੱਚ ਹਨ ਹੰਝੂ,**
**ਝੂਠੀ ਮੂਠੀ ਮੁਸਕਾ ਕੇ ਤੂੰ ਫੋਟੋ ਨਾ ਖਿਚਵਾ।**
**(ਗੁਰਦਿਆਲ ਰੌਸ਼ਨ)**

ਸਰਦੀ ਆਉਣ ਨਾਲ਼ ਜਦ ਰੁੱਖਾਂ ਦੇ ਸਭ ਪੱਤੇ ਰੰਗ ਬਦਲਦੇ ਹਨ, ਤਾਂ ਅੱਖਾਂ ਨੂੰ ਭਰਮਾ ਲੈਂਦੇ ਹਨ। ਮਨ ਨੂੰ ਉਹਨਾਂ ਬਦਲ ਰਹੇ ਰੰਗਾਂ ਨਾਲ਼ ਹੀ ਜ਼ਿੰਦਗੀ ਦੇ ਬਦਲ ਰਹੇ ਰੁੱਖ ਜਿਹਾ ਅਹਿਸਾਸ ਵੀ ਜਾਗਦਾ ਹੈ। ਰੁੱਤ ਫਿਰੀ ਵਣ ਕੰਬਿਆ ਜਿਹਾ ਅਹਿਸਾਸ ਹੈ। ਪੈਣ ਵਾਲ਼ੀ ਸਨੋਅ ਦੇ ਸੁਨੇਹੇ ਨਾਲ਼ ਬਜ਼ੁਰਗਾਂ ਦੇ ਅੰਦਰ 'ਹੋ ਜਾਣ' ਜਿਹਾ ਅਹਿਸਾਸ। ਕੈਲਗਰੀ ਦੀ ਸਰਦੀ ਢਲ਼ਦੀ ਉਮਰ ਨੂੰ 'ਅੱਗਾ ਨੇੜੇ ਆਇਆ' ਜਿਹਾ ਅਹਿਸਾਸ ਜਗਾਉਂਦੀ ਲਗਦੀ ਹੈ। ਮੇਰੇ ਬੇ ਜੀ ਕਿਹਾ ਕਰਦੇ ਸਨ, ਪਾਲ਼ਾ ਪਾਲ਼ਾ, ਬਜ਼ੁਰਗਾਂ ਦਾ ਜਵਾਈ, ਗੱਭਰੂਆਂ ਦਾ ਸਾਲ਼ਾ। ਰੁੱਤਾਂ ਦੇ ਇਹ ਰੰਗ ਹਨ ਜੋ ਹੰਢਾਉਣ ਲੱਗੇ ਅਸੀਂ ਅਗਾਊਂ ਤਿਆਰੀ ਰਖਦੇ ਹਾਂ। ਪੱਤਿਆਂ ਦੀ ਥਾਂ ਜਦੋਂ ਸਾਡੇ ਨਾਲ਼ ਨਿਭ ਰਹੀਆਂ ਸਾਂਝਾਂ ਅਕਸਰ ਹੀ ਰੰਗ ਬਦਲਦੀਆਂ ਹਨ ਤਾਂ ਮਨਾਂ ਅੰਦਰ ਚੀਸ ਉਠਦੀ ਹੈ। ਇਨ੍ਹਾਂ ਰੰਗਾਂ ਦਾ ਸਾਡੀ ਜ਼ਿੰਦਗੀ ਵਿੱਚ ਸਮੇ ਸਮੇ ਵੱਖਰਾ ਅਸਰ ਹੁੰਦਾ ਹੈ। 'ਬਾਲ ਜਵਾਨੀ ਅਰ ਬਿਰਧ ਫੁਨ'– ਤਿੰਨ ਵੱਖਰੇ ਰੰਗਾਂ ਨਾਲ਼ ਇਹ ਹਯਾਤੀ ਨਿਭਦੀ ਹੈ, ਹੰਢਾਈ ਜਾਂਦੀ ਹੈ। ਕਈ ਵਾਰੀ ਜਦ ਪੁੱਛਦੇ ਹਾਂ ਕਿ ਕੀ ਹਾਲ ਹੈ ਤੇ ਜਵਾਬ ਹੁੰਦਾ ਹੈ– ਬੱਸ, ਜ਼ਿੰਦਗੀ ਰੰਗਾਂ 'ਚ ਹੈ, ਤਾਂ ਇਸ ਦਾ ਅਰਥ ਭਾਵਨਾਵਾਂ ਦੀ ਪੂਰਤੀ ਨਾਲ਼ ਜੁੜਿਆ ਹੁੰਦਾ ਹੈ। ਔਰਤਾਂ ਨੂੰ ਰੰਗਾਂ ਦ ਪਛਾਣ ਵਧੇਰੇ ਹੁੰਦੀ ਹੈ ਜੋ ਰੰਗਾਂ ਦੇ ਨਹੁੰ–ਭਰ ਅੰਤਰ ਨੂੰ ਵੀ ਦੂਰ ਤੋਂ ਹੀ ਪਛਾਣ ਸਕਦੀਆਂ ਹਨ। ਕਿਸ ਦੇ ਕਿਸ ਵੇਲ਼ੇ ਕਿਹੜੇ ਰੰਗ ਦਾ ਸੂਟ ਪਾਇਆ ਸੀ, ਉਨ੍ਹਾਂ ਨੂੰ ਯਾਦ ਰਹਿ ਜਾਂਦਾ ਹੈ। ਕਿਸੇ ਮਰਗ 'ਤੇ ਕੌਣ ਭੜਕੀਲੇ ਕੱਪੜੇ ਪਾ ਕੇ ਆਈ ਸੀ ਤੇ ਕਿਸ ਨੇ ਵਿਆਹ 'ਤੇ ਵੀ ਉਦਾਸ ਰੰਗ ਦਾ ਸੂਟ ਪਾਇਆ ਸੀ, ਇਹ ਉਨ੍ਹਾਂ ਦੇ ਚੇਤੇ ਵਿੱਚ ਦਰਜ ਹੋ ਜਾਂਦਾ ਹੈ। ਇਹ ਔਰਤ–ਮਨ ਦਾ ਮਨਭਾਉਂਦਾ ਵਿਸ਼ਾ ਹੈ। ਗੋਰਿਆਂ ਦੀ ਗੁਲਾਮੀ ਅਧੀਨ ਰਹੇ ਕਾਰਣ ਸਾਡੇ ਸਮਾਜ ਵਿੱਚ ਚਮੜੀ ਦਾ ਗੋਰਾ ਰੰਗ ਮਕਬੂਲ ਹੈ,

**ਪਰ ਨਾਲ਼ ਇਹ ਵੀ ਸੱਚ ਹੈ**
**ਗੋਰੇ ਰੰਗ ਨੇ ਸਦਾ ਨਹੀਂ ਰਹਿਣਾ**
**ਭਰ ਭਰ ਵੰਡ ਮੁੱਠੀਆਂ।**

ਇੱਕ ਵਾਰੀ ਮੈਂ ਮੁਕਤਸਰ ਵਿਖੇ ਕਿਸੇ ਹਲਵਾਈ ਦੀ ਦੁਕਾਨ ਕੋਲ਼ ਖੜ੍ਹੀ ਸੀ, ਓਥੇ ਇੱਕ ਜੱਟ ਮਠਿਆਈ ਦੀ ਆਰਡਰ ਕਰਦਾ ਕਹਿ ਰਿਹਾ ਸੀ,'ਸੇਠਾ, ਲੱਡੂਆਂ ਦਾ ਰੰਗ ਚੰਗਿਆੜੇ ਰੰਗਾ ਰੱਖੀਂ'। ਉਸ ਸਮੇਂ ਮੈਨੂੰ ਸਮਝ ਨਹੀਂ ਲੱਗੀ ਕਿ ਚੰਗਿਆੜੇ ਦਾ ਕੀ ਰੰਗ ਹੁੰਦਾ ਹੈ। ਮੈਂ ਮਨ ਹੀ ਮਨ ਉਸ ਦੀਆਂ ਭਾਵਨਾਵਾਂ ਅਨੁਸਾਰ ਭੜਕੀਲਾ ਰੰਗ ਹੀ ਜਾਣਿਆਂ ਸੀ। ਏਥੇ ਅਧਿਆਪਕ ਬੱਚਿਆਂ ਨੂੰ ਜਦੋਂ ਆਖਦੇ ਹਨ ਕਿ ਤੁਹਾਡੀ ਖ਼ੁਰਾਕ ਵਿੱਚ ਚਾਰ–ਪੰਜ ਰੰਗਾਂ ਦੇ ਖਾਣੇ ਹੋਣੇ ਚਾਹੀਦੇ ਹਨ, ਤਾਂ ਇਹ ਖ਼ੁਰਾਕੀ ਤੱਤਾਂ ਵੱਲ ਇਸ਼ਾਰਾ ਹੁੰਦਾ ਹੋਵੇਗਾ। ਸਤਰੰਗੀ ਪੀਂਘ ਨੂੰ ਵੇਖ ਕੇ ਸਾਨੂੰ ਕੁਦਰਤੀ ਰੰਗਾਂ ਦੀ ਪਛਾਣ ਹੁੰਦੀ ਹੈ। ਜਦੋਂ ਅਸੀਂ ਆਖਦੇ ਹਾਂ – ਤਿੰਨ ਰੰਗ ਨਹੀਂ ਲੱਭਣੇ ਹੁਸਨ, ਜਵਾਨੀ, ਮਾਪੇ ਤਾਂ ਅਸੀਂ ਦਾਰਸ਼ਨਿਕ ਅਰਥਾਂ ਵੱਲ ਰੁਖ ਕਰਦੇ ਹਾਂ। ਕਈ ਲੋਕਾਂ ਕੋਲ਼, ਖਾਸ ਕਰ ਕੇ ਮਰਦਾਂ ਕੋਲ਼ ਰੰਗਾਂ ਦੇ ਬਹੁਤੇ ਨਾਮ ਨਹੀਂ ਹੁੰਦੇ। ਉਹ ਸਲੇਟੀ, ਬਦਾਮੀ, ਅਸਮਾਨੀ, ਹਰਾ, ਲਾਲ, ਪੀਲ਼ਾ ਹੀ ਜਾਣਦੇ ਹਨ। ਪਿੰਡਾਂ ਦੇ ਲੋਕ ਨਿੱਤ ਵਰਤੋਂ ਦੀਆਂ ਵਸਤਾਂ ਤੋਂ ਹੀ ਰੰਗ ਚੁਣਦੇ ਹਨ, ਜਿਵੇਂ ਕੜਾਹ ਰੰਗਾ, ਸਰ੍ਹੋਂ ਫੁੱਲਾ, ਭੂਰਾ, ਤੋਤੇ ਰੰਗਾ ਜਾਂ ਮਹਿੰਦੀ ਰੰਗਾ। ਸੂਹਾ ਰੰਗ ਸ਼ਗਨਾਂ ਦਾ ਅਤੇ ਚਿੱਟਾ ਰੰਗ ਉਦਾਸੀ ਦਾ ਮੰਨਿਆਂ ਜਾਂਦਾ ਹੈ। ਸਵੇਰੇ ਜਦੋਂ ਪਹੁ ਫੁਟਦੀ ਹੈ, ਅਸਮਾਨ ਵਿੱਚ ਫੈਲਿਆ ਸੰਧੂਰੀ ਰੰਗ ਸਾਡੇ ਮਨ ਨੂੰ ਜਾਗਰਿਤ ਕਰਦਾ ਸੁੰਦਰ ਲਗਦਾ ਹੈ। ਸਾਡੇ ਵਰਤਾਉ ਤੋਂ ਵੀ ਸਤਰੰਗੀ ਪੀਂਘ ਜਿਹੇ ਰੰਗਾਂ ਦਾ ਝਉਲ਼ਾ ਪੈਂਦਾ ਹੈ। ਜਦ ਕੋਈ ਬੱਚਾ ਅੱਲਵਾ ਹੋਵੇ ਤਾਂ ਸੋਚਦੇ ਹਾਂ ਇਸ ਨੂੰ ਬੁੱਕਲ਼ ਦਾ ਪੂਰਾ ਨਿੱਘ ਅਤੇ ਬਜ਼ੁਰਗਾਂ ਦੀ ਮੱਠੀ–ਮੱਠੀ ਧੁਖਦੀ ਥਾਪ ਅਤੇ ਥਾਪੜਾ ਨਹੀਂ ਮਿਲਿਆ। ਟੁਟਦੇ ਪਰਿਵਾਰਾਂ ਵਿੱਚ ਇਹ ਰੰਗ ਖੁਰ ਰਹੇ ਹਨ। ਹਿੰਦੂ ਲੋਕ ਪੀਲ਼ਾ ਸ਼ਰਧਾਮਈ ਤੇ ਖਾਲਸੇ ਨੀਲਾ ਅਤੇ ਕੇਸਰੀ ਵਧੀਆ ਮੰਨਦੇ ਹਨ। ਅੱਲ੍ਹੜ ਵਰੇਸੇ ਚਟਖ ਰੰਗਾਂ ਵੱਲ ਭਰਮਾਈ ਹੁੰਦੀ ਹੈ। ਪੱਛੀਆਂ ਭਾਵਨਾਵਾਂ ਕਾਸ਼ਨੀ ਅੱਖ ਵੇਲ਼ੇ ਵੀ ਉਦਾਸ ਹੁੰਦੀਆਂ ਹਨ। ਹਰੀ ਤੇ ਲਾਲ ਬੱਤੀ ਸਾਡੀ ਰਫ਼ਤਾਰ ਦੀ ਸੂਚਕ ਹੈ। ਲਿਫ਼ਾਫ਼ੇ ਉਪਰ ਹਲ਼ਦੀ ਰੰਗ ਸੁੱਖ ਦਾ ਸੁਨੇਹਾ ਹੁੰਦਾ ਹੈ। ਉਂਝ ਅਸੀਂ ਸਾਰੇ ਹੀ ਰੰਗੇ ਹੋਏ ਗਿੱਦੜ ਵਾਂਗ ਜੰਗਲ ਦੇ ਰਾਜੇ ਬਣੇ ਫਿਰਦੇ ਹਾਂ, ਪਰ ਮੂਹਰੇ ਜਦ ਕੋਈ ਦੁਸ਼ਵਾਰੀ ਆ ਜਾਵੇ ਤਾਂ ਆਪਣੇ ਆਪ ਹੀ ਬੈਂਗਣੀ ਰੰਗ ਖੁਰਨ ਲਗਦਾ ਹੈ। ਹੋਲ਼ੀ ਦੇ ਰੰਗਾਂ ਵਾਂਗ ਕਈ ਲੋਕ ਥੋੜ੍ਹ–ਚਿਰੀ ਪ੍ਰਾਪਤੀ 'ਤੇ ਹੀ ਰੰਗ–ਬਰੰਗੇ ਹੋਏ ਰਹਿੰਦੇ ਹਨ, ਜੋ ਛੋਟੀ ਗੱਲ ਵੀ ਮਾਜਨੇ ਪਚਾ ਨਹੀਂ ਸਕਦੇ, ਲਾਲ ਪੀਲ਼ੇ ਹੋ ਜਾਂਦੇ ਹਨ। ਅਖੀਰ ਅਸੀਂ ਸਭ ਹਥਿਆਰ ਸੁਟਦੇ ਉਹਦੀ ਰਜ਼ਾ ਮੰਨ ਲੈਂਦੇ ਹਾਂ ਕਿ ਪਤਾ ਨਹੀਂ ਉਹ ਕਿਹੜਿਆਂ ਰੰਗਾਂ ਵਿੱਚ ਰਾਜ਼ੀ ਹੁੰਦਾ ਹੈ।

**ਰੰਗ-ਬਰੰਗੇ ਪਰ ਨਾ ਦਿਓ ਪਰਿੰਦੇ ਨੂੰ**
**ਜਦ ਉੱਡਣ ਲਈ ਕੋਈ ਅੰਬਰ ਹੋਵੇ ਨਾ।**
**ਕੁੱਝ ਘਟਨਾਵਾਂ ਵਾਪਰ ਜਾਣ ਅਚਾਨਕ ਹੀ**
**ਬੰਦਾ ਕਰਨਾ ਚਾਹੇ ਜੋ ਕਰ ਹੋਵੇ ਨਾ। (ਅਗਿਆਤ)**

# ਮੁਹੱਬਤ ਦੇ ਵਗਦੇ ਦਰਿਆ ਅਤੇ ਸੰਗੀਤਕ ਗੁਰੂ ਦਾ ਦੂਜਾ ਨਾਂ ਸੀ ਚਰਨਜੀਤ ਅਹੂਜਾ

## 29 ਨਵੰਬਰ ਜਨਮ ਦਿਨ ਮੌਕੇ ਵਿਸ਼ੇਸ਼

ਉਹ ਗੀਤਾਂ ਦੀਆਂ ਐਸੀਆਂ ਕੰਪੋਜੀਸ਼ਨਾਂ ਬਣਾਉਂਦਾ ਤੇ ਨਾਲ ਢੁਕਵੀਆਂ ਧੁਨਾਂ ਸਿਰਜਦਾ ਕਿ ਸਾਰਾ ਆਲਮ ਹੀ ਇੱਕ ਹੋ ਜਾਂਦਾ ਤੇ ਕੀਲਿਆ ਜਾਂਦਾ। ਉਸਦੇ ਸੰਗੀਤ 'ਚ ਰਿਕਾਰਡ ਕੀਤੀ ਬਹੁ ਗਿਣਤੀ ਗੀਤ ਅੱਜ ਲੋਕ ਗੀਤ ਬਣ ਗਏ । ਉਹ ਗੀਤ ਨੂੰ ਰਿਕਾਰਡ ਕਰਨ ਤੋਂ ਪਹਿਲਾਂ ਪਤਾ ਨਹੀਂ ਕਿੰਨੀਆਂ ਕੁ ਬਾਰੀਕੀਆਂ ਨਾਲ ਸੋਚਦਾ ਹੋਣੈ, ਗੀਤ ਦੇ ਬੋਲ, ਉਹੋ ਜਿਹੀਆਂ ਭਾਵਨਾਵਾਂ, ਢੁਕਵਾਂ ਸੰਗੀਤ ਤੇ ਸਾਜਾਂ ਦੀ ਇੱਕਸੁਰਤਾ ਜਦੋਂ ਤੱਕ ਸਾਰਾ ਆਲਮ ਸੰਗੀਤਮਈ ਨਹੀਂ ਹੋ ਜਾਂਦਾ ਸੀ, ਉਹ ਫੁਰਨਿਆਂ ਚ ਗੁਆਚਿਆ ਰਹਿੰਦਾ। ਉਹ ਗੀਤ ਦੀ ਚੋਣ ਖੁਦ ਹੀ ਕਰਦਾ। ਖੁਦ ਹੀ ਕੰਪੋਜੀਸ਼ਨ ਆਪ ਹੀ ਕੰਪੋਜੀਸ਼ਨ ਅਭਿਆਸ ਕਰਵਾ ਕੇ ਗਾਇਕ ਨੂੰ ਸੂਈ ਦੇ ਨੱਕੇ ਚੋਂ ਦੀ ਕੱਢਦਾ। ਜਦੋਂ ਤੱਕ ਪੂਰੀ ਤਸੱਲੀ ਨਹੀਂ ਹੋ ਜਾਂਦੀ, ਉਹ ਗੀਤ ਨੂੰ ਰਿਕਾਰਡਿੰਗ ਲਈ ਅੰਤਿਮ ਰੂਪ ਨਹੀਂ ਦਿੰਦਾ ਸੀ। ਕਈ ਨਾਢੂ ਖਾਂ ਤੇ ਆਪਣੇ ਆਪ ਨੂੰ ਖੱਬੀ ਖਾਂ ਕਹਾਉਣ ਵਾਲੇ ਗਾਇਕ ਗੋਡੇ ਟੇਕ ਜਾਂਦੇ। ਕਈ ਗਾਇਕ ਤਾਂ ਇਸ ਗੱਲ ਤੋਂ ਵੀ ਝਿਜਕਦੇ ਸਨ ਕਿ ਉਹਨਾਂ ਤੋਂ ਜਦੋਂ ਚਰਨਜੀਤ ਸਾਹਿਬ ਨੇ ਗਵਾ ਕੇ ਵੇਖਣਾ ਹੈ ਤਾਂ ਅਹੂਜਾ ਦੀ ਚਾਹਤ ਦੇ ਅਨੁਸਾਰ ਹੀ ਗਾਇਆ ਨਹੀਂ ਜਾਣਾ ਤੇ ਉਹਨਾਂ ਨੂੰ ਰਿਕਾਰਡਿੰਗ ਤੋਂ ਕੋਰਾ ਜਵਾਬ ਮਿਲ ਜਾਣਾ ਐ। ਅੱਜ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਕੁੱਝ ਗਾਇਕ ਸਾਰੀ ਉਮਰ ਉਹਨਾਂ ਦੇ ਸੰਗੀਤ ਚ ਗੀਤ ਰਿਕਾਰਡ ਕਰਾਉਣ ਨੂੰ ਤਰਸਦੇ ਰਹੇ ਪਰ ਉਹਨਾਂ ਦੀ ਤਮੰਨਾ ਪੂਰੀ ਨਹੀਂ ਹੋ ਸਕੀ ਕਿਉਂਕਿ ਉਹ ਸੁਰਾ ਪੱਖੋਂ ਆਹੂਜਾ ਸਾਹਿਬ ਦੀ ਕਸੌਟੀ ਤੇ ਖਰੇ ਨਹੀਂ ਉਤਰ ਸਕੇ।

### ਜਨਮ ਅਤੇ ਪਰਿਵਾਰ

ਦੇਸ਼ ਦੀ ਵੰਡ ਤੋਂ ਪਹਿਲਾਂ ਪਰਿਵਾਰ ਲੈਹਿੰਦੇ ਪੰਜਾਬ ਤੋਂ ਝੰਗ ਦੇ ਇਲਾਕੇ ਚ ਰਹਿੰਦਾ ਸੀ। ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਤੋਂ ਆ ਕੇ ਪਰਿਵਾਰ ਨੇ ਰੋਹਤਕ ਚ ਡੇਰੇ ਲਾਏ। ਜਿੱਥੇ 29 ਨਵੰਬਰ 1953 ਨੂੰ ਪੰਜਾਬੀ ਪਰਿਵਾਰ ਚ ਚਰਨਜੀਤ ਆਹੂਜਾ ਦਾ ਜਨਮ ਹੋਇਆ। ਮੁੱਢਲੀ ਤਾਲੀਮ ਰੋਹਤਕ ਤੋਂ ਹੀ ਲਈ। ਬਚਪਨ ਤੋਂ ਸੰਗੀਤ ਦਾ ਸ਼ੌਕ ਸੀ। ਸਮੇਂ ਦੇ ਗੇੜ ਨਾਲ ਸੰਗੀਤ ਨਾਲ ਮੋਹ ਵੱਧਦਾ ਗਿਆ । ਦਿੱਲੀ ਚ ਆ ਡੇਰੇ ਲਾਏ ਤੇ ਜਸਵੰਤ ਜੌਲੀ ਨੂੰ ਉਸਤਾਦ ਧਾਰਿਆ। ਫਿਰ ਕਲਾਸੀਕਲ ਸੰਗੀਤ ਦੀ ਤਾਲੀਮ ਕੁੰਦਨ ਲਾਲ ਤੋਂ ਲਈ। ਸਮੇਂ ਦੇ ਗੇੜ ਨਾਲ ਸਾਜਾਂ ਦੀ ਮੁਹਾਰਤ ਹਾਸਿਲ ਕਰਨ ਚ ਰੁਝਾਨ ਵਧਿਆ। ਖਾਸ ਕਰਕੇ ਜਸਵੰਤ ਜੌਲੀ ਤੋਂ ਮੈਂਡੋਲੀਅਨ ਸਿੱਖਿਆ ਤੇ ਗਿਣਵੇ ਦਿਨਾਂ ਚ ਮਹਾਰਤ ਹਾਸਿਲ ਕੀਤੀ। ਉਹਨੀ ਦਿਨੀ ਪੰਨਾ ਲਾਲ ਕੱਥਕ, ਵੇਦ ਸੇਠੀ, ਸਤੀਸ਼ ਭਾਟੀਆ, ਪੰਡਿਤ ਸ਼ਿਵਰਾਮ ਤੇ ਕੇਸਰ ਸਿੰਘ ਨਰੂਲਾ ਦੀ ਸੰਗੀਤ ਦੇ ਖੇਤਰ ਵਿੱਚ ਚੜ੍ਹਾਈ ਸੀ। ਵੱਡੇ ਸੰਗੀਤਕਾਰਾਂ ਦੀ ਕੀਤੀ ਸੰਗਤ ਦੌਰਾਨ ਚਰਨਜੀਤ ਆਹੂਜਾ ਨੇ ਮੈਂਡੋਲੀਅਨ ਪਲੇਅਰ ਵੱਜੋਂ ਸਮੇਂ ਸਮੇਂ ਇਹਨਾਂ ਸਾਰੇ ਸੰਗੀਤਕਾਰਾਂ ਨਾਲ ਕੰਮ ਕੀਤਾ ਤੇ ਸੰਗੀਤ ਨਿਰਦੇਸ਼ਕ ਦੀ ਜਾਂਚ ਸਿੱਖਦੇ ਰਹੇ। ਇਹ ਸਾਰੇ ਸੰਗੀਤਕਾਰ ਉਨੀ ਦਿਨੀ ਸਥਾਪਿਤ ਕੰਪਨੀ ਐਚ ਐਮ ਵੀ ਨਾਲ ਰਿਕਾਰਡਿੰਗ ਕਰਦੇ ਹੁੰਦੇ ਸੀ । ਸਮੇਂ ਦੇ ਗੇੜ ਨਾਲ ਹੌਲੀ ਹੌਲੀ ਚਰਨਜੀਤ ਆਹੂਜਾ ਨੇ 1977 'ਚ ਪਹਿਲੀ ਵਾਰ ਐਚ ਐਮ ਵੀ ਕੰਪਨੀ ਚ ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦੇ ਛੇ ਗੀਤ ਬਤੌਰ ਸੰਗੀਤ ਨਿਰਦੇਸ਼ਕ ਰਿਕਾਰਡ ਕੀਤੇ। ਫਿਰ 1978 ਚ ਸੁਰਿੰਦਰ ਸ਼ਿੰਦਾ ਦਾ "ਨੈਣਾ ਦੇ ਵਣਜਾਰੇ" 1979 'ਚ ਕੁਲਦੀਪ ਮਾਣਕ ਦਾ ਐਲ ਪੀ ਰਿਕਾਰਡ "ਸਾਹਿਬਾਂ ਦਾ ਤਰਲਾ" 1980 'ਚ "ਮਾਂ ਹੁੰਦੀ ਹੈ ਮਾਂ" 1981 ਚ ਸੁਰਿੰਦਰ ਸ਼ਿੰਦਾ ਦਾ "ਜਿਉਣਾ ਮੌੜ" ਅਤੇ ਇਸੇ ਵਰ੍ਹੇ ਹੀ ਅਮਰ ਚਮਕੀਲਾ ਦਾ "ਟਕੂਏ ਤੇ ਟਕੂਆ" ਰਿਕਾਰਡ ਕੀਤੇ। ਲਾਲ ਚੰਦ ਜਮਲਾ ਜੱਟ ਦਾ ਐਲਪੀ ਰਿਕਾਰਡ "ਖੇਡਣ ਦੇ ਦਿਨ ਚਾਰ" ਉਸ ਤੋਂ ਬਾਅਦ ਸੁਰਿੰਦਰ ਕੌਰ ਦਾ "ਵਿਹੜੇ ਸੱਜਣਾ ਦੇ" ਚਰਨਜੀਤ ਆਹੂਜਾ ਦੇ ਸੰਗੀਤ ਵਿੱਚ ਰਿਕਾਰਡ ਹੋਇਆ। ਫਿਰ ਗਾਇਕੀ ਦਾ ਅਗਲਾ ਦੌਰ ਸ਼ੁਰੂ ਹੋਇਆ। ਇਸ ਵਿੱਚ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਹਰਭਜਨ ਮਾਨ, ਕਮਲਜੀਤ ਨੀਰੂ, ਦੁਰਗਾ ਰੰਗੀਲਾ, ਸਾਬਰਕੋਟੀ, ਨਿਰਮਲਜੀਤ ਨਿੰਮਾ ਵਰਗੇ ਹੋਰ ਕਈ ਗਾਇਕ ਸ਼ਾਮਿਲ ਹਨ। ਇਹਨਾਂ ਸਾਰਿਆਂ ਨੂੰ ਚਰਨਜੀਤ ਆਹੂਜਾ ਨੇ ਆਪਣੇ ਸੰਗੀਤ ਚ ਰਿਕਾਰਡ ਕਰਕੇ ਫਰਸ਼ ਤੋਂ ਅਰਸ਼ ਤੇ ਪਹੁੰਚਾਇਆ। ਹੰਸ ਰਾਜ ਹੰਸ ਦਾ ਗੀਤ "ਜੋਗੀਆਂ ਦੇ ਕੰਨਾਂ ਵਿੱਚ ਕੱਚ ਦੀਆਂ ਮੁੰਦਰਾਂ" ਸਰਦੂਲ ਸਿਕੰਦਰ ਦਾ "ਰੋਡਵੇਜ਼ ਦੀ ਲਾਰੀ" ਹਰਭਜਨ ਮਾਨ ਦਾ "ਚਿੱਠੀਏ ਨੀ ਚਿੱਠੀਏ" ਕਮਲਜੀਤ ਨੀਰੂ ਦਾ "ਸੀਟੀ ਤੇ ਸੀਟੀ ਵੱਜੀ ਤੇ ਜਦੋਂ ਮੇਰਾ ਲੱਕ ਹਿਲਦਾ, ਦੁਰਗਾ ਰੰਗੀਲਾ ਦਾ "ਨੂਰ ਤੇਰੇ ਨੈਣਾਂ ਦਾ" "ਸਾਡੀ ਪਿੱਠ ਤੇ ਜਿੰਨੇ ਵਾਰ ਹੋਏ" ਸਮੇਤ ਗੀਤ ਰਿਕਾਰਡ ਕੀਤੇ ।



ਸਚਿਨ ਆਹੂਜਾ,ਲੇਖਕ ਜਰਨੈਲ ਬਸੋਤਾ ਅਤੇ ਸਵ: ਚਰਨਜੀਤ ਆਹੂਜਾ ਸਾਹਿਬ

**ਚਰਨਜੀਤ ਆਹੂਜਾ ਦੇ ਸੰਗੀਤ ਚ ਸੁਪਰ ਹਿੱਟ ਗੀਤ**

ਆ ਸੋਹਣਿਆ ਵੀ ਜੱਗ ਜਿਉਂਦਿਆਂ ਦੇ ਮੇਲੇ -ਹਰਭਜਨ ਮਾਨ
ਸਿੱਖ ਲੈ ਕਲਹਿਰੀਆ ਮੋਰਾ ਤੁਰਨਾ ਤੋਰ ਪੰਜਾਬਣ ਦੀ- ਸਰਦੂਲ ਸਿਕੰਦਰ
ਤਲਵਾਰ ਮੈਂ ਕਲਗੀਧਰ ਦੀ ਹਾਂ -ਅਮਰ ਚਮਕੀਲਾ ਅਤੇ ਅਮਰਜੋਤ
ਸਾਡੀ ਪਿੱਠ ਤੇ ਜਿੰਨੇ ਵਾਰ - ਦੁਰਗਾ ਰੰਗੀਲਾ
ਮਾਂ ਹੁੰਦੀ ਹੈ ਮਾਂ - ਕੁਲਦੀਪ ਮਾਣਕ
ਜਿਉਣਾ ਮੌੜ- ਸੁਰਿੰਦਰ ਸ਼ਿੰਦਾ
ਵਿਛੜਨ ਵਿਛੜਨ ਕਰਦੀ ਐਂ-ਸਤਵਿੰਦਰ ਬੁੱਗਾ
ਚਿੱਠੀਏ ਨੀ ਚਿੱਠੀਏ- ਹਰਭਜਨ ਮਾਨ
ਤੂੰਬੀ ਜਮਲੇ ਦੀ -ਲਾਲ ਚੰਦ ਜਮਲਾ ਜੱਟ
ਫੁੱਲਾਂ ਦੀਏ ਕੱਚੀਏ ਵਪਾਰਨੇ - ਸਰਦੂਲ ਸਿਕੰਦਰ
ਦੋਵੇਂ ਇੱਕ ਦੂਜੇ ਨੂੰ ਵਿਰਾਉਣ ਲੱਗੇ ਰੋਏ - ਹਰਭਜਨ ਮਾਨ
ਖੁਫੀਆ ਜਸ਼ਨ - ਦੁਰਗਾ ਰੰਗੀਲਾ
ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ -ਹੰਸ ਰਾਜ ਹੰਸ
ਪੱਤਾ ਪੱਤਾ ਸਿੰਘਾ ਵੈਰੀ-ਹੰਸ ਰਾਜ ਹੰਸ

### ਗੀਤ ਚੁਣਨ 'ਚ ਮੁਹਾਰਤ

ਉਹਨਾਂ ਕੋਲ ਅਕਸਰ ਗੀਤਕਾਰ ਗੀਤ ਭੇਜਦੇ ਹੀ ਰਹਿੰਦੇ ਸਨ ਪਰ ਅਹੂਜਾ ਵੱਲੋਂ ਉਹਨਾਂ ਹੀ ਗੀਤਾਂ ਚੋਣ ਕੀਤੀ ਜਾਂਦੀ ਸੀ ਜੋ ਲੋਕਾਂ ਦੀ ਜਵਾਨ ਤੇ ਚੜ੍ਹਨ ਦੀ ਸਮਰੱਥਾ ਰੱਖਦੇ ਸਨ। ਫਿਰ ਉਹਨਾਂ ਗੀਤਾਂ ਨੂੰ ਇਹਨਾਂ ਦੇ ਅਰਥਾਂ ਅਨੁਸਾਰ ਸੰਗੀਤ ਦਿੰਦੇ ਕਿ ਗੀਤ ਸੁਪਰ ਹਿੱਟ ਹੋ ਕੇ ਲੋਕ ਗੀਤਾਂ ਵਾਂਗ ਲੱਗਣ ਲੱਗਦੇ। ਉਹਨਾਂ ਦੇ ਸੰਗੀਤ ਦੀ ਪਹਿਚਾਣ ਵੀ ਵੱਖਰੀ ਹੀ ਹੈ। ਉਹਨਾਂ ਦੇ ਸੰਗੀਤ ਵੱਧ ਕੀਤੇ ਗੀਤਾਂ ਚੋਂ ਹਰ ਸੰਗੀਤਕ ਸਾਜ ਦੀ ਵਾਰੋ ਵਾਰੀ, ਹਰ ਅੰਤਰੇ ਚ ਰਸ ਭਿੰਨੀ ਤੇ ਆਕਰਸ਼ਕ ਧੁਨ ਸੁਣਨ ਨੂੰ ਮਿਲਦੀ ਹੈ। ਉਹ ਥਰਿੱਲ ਭਰਪੂਰ ਗੀਤਾਂ ਚ ਅਜਿਹਾ ਸੰਗੀਤ ਸਿਰਜਦੇ ਕਿ ਹਰ ਨੱਚਣ ਵਾਲੇ ਦੀ ਅੱਡੀ ਆਪ ਮੁਹਾਰੇ ਹੀ ਉੱਠ ਖਲੋਂਦੀ। ਜਦੋਂ ਕਿਤੇ ਉਦਾਸ ਲਹਿਜੇ ਵਾਲਾ ਸੰਗੀਤ ਦਿੰਦੇ ਤਾਂ ਸੁਣਦੇ ਸਾਰ ਹੀ ਦਿਲ ਚ ਇੱਕ ਝਰਨਾਹਟ ਆਪ ਮੁਹਾਰੇ ਹੀ ਪੈਦਾ ਹੁੰਦੀ ਜਿਸ ਨੂੰ ਸੁਣਦੇ ਸਾਰ ਅੱਖਾਂ ਚ ਆਪ ਮੁਹਾਰੇ ਪਾਣੀ ਆ ਜਾਂਦਾ।

### ਕਮਾਲ ਦੇ ਮੇਜਬਾਨ ਸਨ

ਆਹੂਜਾ ਸਾਹਿਬ ਦੀ ਮਹਿਮਾਨ ਨਵਾਜ਼ੀ ਕਮਾਲ ਦੀ ਸੀ। ਘਰ ਆਏ ਮਹਿਮਾਨ ਦੀ ਦਿਲੋਂ ਤੇ ਚਾਅ ਨਾਲ ਸੇਵਾ ਕਰਦੇ ਸੀ। ਮੇਰਾ ਉਹਨਾਂ ਨਾਲ ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਵਾਹ ਸੀ। ਜਦੋਂ ਕਦੇ ਦਿੱਲੀ ਜਾਣਾ ਤਾਂ ਦਿੱਲੀ ਸੰਗੀਤਿਕਾ ਸਟੂਡੀ- ਜਰੂਰ ਹੋ ਕੇ ਜਾਣਾ। ਜਿੰਨੀ ਵਾਰ ਵੀ ਚੰਡੀਗੜ੍ਹ ਰਹਿੰਦੇ ਹੋਏ, ਦਿੱਲੀ ਗਿਆ ਕਦੇ ਵੀ ਅਜਿਹਾ ਨਹੀਂ ਹੋਇਆ ਸੀ ਕਿ ਆਹੂਜਾ ਸਾਹਿਬ ਦੇ ਦਿੱਲੀ ਸਥਿਤ ਸਟੂਡੀਓ ਨਾ ਹੋ ਕੇ ਆਇਆ ਹੋਵਾਂ। ਨਹੀਂ ਤਾਂ ਉਹ ਨਰਾਜ਼ ਹੋ ਜਾਂਦੇ ਸਨ। ਇਹਨਾਂ ਦੀ ਨਰਾਜਗੀ ਝੱਲਣੀ ਮੇਰੇ ਲਈ ਬਹੁਤ ਔਖੀ ਸੀ। ਮੈਨੂੰ ਵੀ ਹਰ ਵਾਰ ਇਹਨਾਂ ਨੂੰ ਮਿਲਣ ਦਾ ਚਾਅ ਹੁੰਦਾ ਸੀ। ਕੋਵਿਡ ਤੋਂ ਬਾਅਦ ਅਹੂਜਾ ਸਾਹਿਬ ਦਾ ਪਰਿਵਾਰ ਦਿੱਲੀ ਤੋਂ ਚੰਡੀਗੜ੍ਹ ਆ ਗਿਆ। ਉਹਨਾਂ ਨੇ ਮੋਹਾਲੀ ਚ ਆਪਣਾ ਸਟੂਡੀ- ਬਣਾ ਲਿਆ ਸੀ। ਮੈਂ 2008 ਵਿੱਚ ਚੰਡੀਗੜ੍ਹ ਤੋਂ ਕਨੇਡਾ ਆ ਕੇ ਡੇਰੇ ਲਾ ਲਏ ਸੀ। ਜਦੋਂ ਕਦੇ ਵੀ ਕਨੇਡਾ ਤੋਂ ਪੰਜਾਬ ਜਾਣਾ ਹੁੰਦਾ ਤਾਂ ਉਹਨਾਂ ਨੂੰ ਮਿਲਣ ਦਾ ਪ੍ਰੋਗਰਾਮ ਪਹਿਲਾਂ ਹੀ ਤੈਅ ਹੁੰਦਾ ਸੀ। ਇਸ ਵਾਰ ਮੈਂ ਅਚਾਨਕ ਸਖਤ ਬਿਮਾਰ ਹੋ ਗਿਆ। ਜ਼ੁਬਾਨ ਖੜ ਗਈ ਸੀ। ਮੈਂ ਡੋਲ ਗਿਆ ਸੀ ਪਰ ਆਹੂਜਾ ਸਾਹਿਬ ਨੂੰ ਜਦੋਂ ਪਤਾ ਲੱਗਾ ਤਾਂ ਉਹ ਮੈਨੂੰ ਫੋਨ ਤੇ ਹੌਸਲਾ ਦਿੰਦੇ ਰਹੇ। ਭਾਵੇਂ ਮੈਂ ਠੀਕ ਤਰ੍ਹਾਂ ਬੋਲ ਨਹੀਂ ਸਕਦਾ ਸੀ ਪਰ ਮੇਰੀ ਉਹਨਾਂ ਨਾਲ ਲੰਘੇ ਮਾਰਚ ਚ ਮੁਹਾਲੀ ਸੰਗੀਤਕਾ ਸਟੂਡੀ- ਚ ਹੀ ਆਖਰੀ ਮੁਲਾਕਾਤ ਹੋਈ। ਦਿੱਲੀ ਤਮੰਨਾ ਸੀ ਕਿ ਖੁੱਲ ਕੇ ਗੱਲਾਂ ਕੀਤੀਆਂ ਜਾਣ ਅਤੇ ਖੁੱਲ ਕੇ ਗੱਲਾਂ ਕੀਤੀਆਂ ਵੀ ਸਨ। ਆਖਣ ਲੱਗੇ ਐਵੇਂ ਨਾ ਡੋਲਿਆ ਕਰ, ਮੇਰੇ ਵੱਲ ਵੇਖ ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਹੋ ਗਿਆ ਐ,ਕੈਂਸਰ ਨਾਲ ਜੂਝ ਰਿਹਾ ਹਾਂ। ਲਗਭਗ ਹਰ ਦੋ ਘੰਟੇ ਬਾਅਦ ਦਵਾਈਆਂ ਦਾ ਬੁੱਕ ਭਰਕੇ ਖਾਣਾ ਪੈਂਦਾ ਹੈ। ਤੂੰ ਤਾਂ ਚੰਗਾ ਭਲਾ ਐ! ਹਾਲੇ ਬਹੁਤ ਕੁੱਝ ਕਰਨਾ, ਆਖਣ ਲੱਗੇ ਕਰ ਲੈ ਜੋ ਰਿਕਾਰਡਿੰਗ ਕਰਨੀ ਹੈ। ਕਹਿੰਦੇ ਮੇਰੇ ਕੋਲ ਜੋ ਗੱਲਾਂ ਦਾ ਖਜ਼ਾਨਾ ਐ ,ਸਾਂਭ ਲੈ ਜੇ ਸਾਂਭ ਹੁੰਦੈ। ਨਾਲੇ ਇਹ ਵੀ ਹੈ ਕਿ ਮੇਰੇ ਕੋਲੋਂ ਗੱਲਾਂ ਤੂੰ ਹੀ ਕਢਵਾ ਸਕਦਾਂ ਐ, ਹੋਰ ਕੋਈ ਨਹੀਂ । ਮੈਂ ਇਹ ਸੁਣਦੇ ਸਾਰ ਹੀ ਭਾਵਕ ਹੋ ਗਿਆ। ਮੈਂ ਕਿਹਾ ਆਹੂਜਾ ਸਾਹਿਬ ਪਰਸੋਂ ਨੂੰ ਮੈਂ ਕੈਮਰਾ ਟੀਮ ਲੈ ਕੇ ਤੁਹਾਡੇ ਸਟੂਡੀ- ਚ ਆਵਾਂਗਾ । ਪਰ ਸਬੱਬੀ ਉਸ ਦਿਨ ਉਹਨਾਂ ਨੂੰ ਅਚਾਨਕ ਐਮਰਜੈਂਸੀ ਕਿਧਰੇ ਜਾਣਾ ਪੈ ਗਿਆ ਜਿਸ ਕਾਰਣ ਮੈਂ ਰਿਕਾਰਡਿੰਗ ਨਾ ਕਰ ਸਕਿਆ। ਮੈਨੂੰ ਕਨੇਡਾ ਵਾਪਸ ਆਉਣਾ ਪਿਆ। ਉਹਨਾਂ ਨੇ ਪਤਾ ਨਹੀਂ ਮੇਰੇ ਨਾਲ ਕਿਹੜੀਆਂ ਅਹਿਮ ਗੱਲਾਂ ਕਰਨੀਆਂ ਸਨ ਜੋ ਸਾਰੀ ਜ਼ਿੰਦਗੀ ਮੇਰੇ ਕੰਮ ਆਉਣੀਆ ਸਨ।

### ਇੰਜ ਕੰਪੋਜ ਕਰਦੇ ਸੀ ਉਹ ਗੀਤ

ਉਹ ਅਕਸਰ ਹੀ ਕਹਿੰਦੇ ਹੁੰਦੇ ਸੀ ਕਿ ਮੈਂ ਗੀਤ ਦੀ ਕੰਪੋਜੀਸ਼ਨ ਸਿੰਗਰ ਨੂੰ ਵੇਖ ਕੇ ਬਣਾਉਂਦਾ ਹਾਂ। "ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ" ਦੀ ਕੰਪੋਜੀਸ਼ਨ ਉਹਨਾਂ ਹੰਸ ਨੂੰ ਮੁੱਖ ਰੱਖ ਕੇ ਬਣਾਈ। ਜਿਸ ਵਿੱਚ ਗਲੇ ਦੀ ਹਰਕਤ ਵਿਖਾਈ ਗਈ। ਜੇ ਕੋਈ ਆਮ ਗਾਇਕ ਹੁੰਦਾ ਤਾਂ ਬਿਨਾਂ ਹਰਕਤ ਤੋਂ ਸਿੱਧੀ ਕੰਪੋਜੀਸ਼ਨ,ਬਿਨਾਂ ਗਲੇ ਦੀ ਹਰਕਤ ਤੋਂ ਬਣਾਉਂਦਾ। ਨਾਲ ਹੀ ਆਹੂਜਾ ਸਾਹਿਬ ਦਾ ਕਹਿਣਾ ਸੀ ਕਿ ਉਹਨਾਂ ਨੇ ਗੀਤ ਤੋਂ ਬਾਅਦ ਮੁੜ ਕੇ ਕਦੇ ਕੰਪੋਜੀਸ਼ਨ ਨਹੀਂ ਸੁਣੀ। ਕਿਉਂਕਿ ਉਹ ਚਾਹੁੰਦੇ ਸੀ ਕਿ ਮੈਂ ਮੁੜ ਕੇ ਉਥੇ ਹੀ ਨਾ ਘੁੰਮਦਾ ਫਿਰਾਂ ।

### ਖੁਸ਼ੀ ਗਮੀ ਚ ਹੁੰਦੇ ਸੀ ਸ਼ਾਮਿਲ

ਆਹੂਜਾ ਸਾਹਿਬ ਹਰ ਵਿਅਕਤੀ ਦੀ ਖੁਸ਼ੀ ਗਮੀ ਚ ਸ਼ਾਮਿਲ ਹੁੰਦੇ ਸਨ। ਕਿਸੇ ਕਲਾਕਾਰ ਦਾ ਵੀ ਕੋਈ ਵੀ ਪ੍ਰੋਗਰਾਮ ਹੁੰਦਾ ਤਾਂ ਉਹ ਜਰੂਰ ਸ਼ਰੀਕ ਹੁੰਦੇ ਸਨ । ਦਿੱਲੀ ਤੋਂ ਝੱਟ ਡਰਾਈਵ ਕਰਕੇ ਪੰਜਾਬ ਆ ਜਾਂਦੇ। ਬਹੁਤੀ ਵਾਰ ਮੈਨੂੰ ਵੀ ਸੰਗਤ ਕਰਨ ਦਾ ਮੌਕਾ ਮਿਲਿਆ। ਦਿੱਲੀ ਤੋਂ ਚੱਲਣ ਸਮੇਂ ਮੈਨੂੰ ਫੋਨ ਕਰ ਦੇਣਾ ਕਿ ਮੈਂ ਤੁਰ ਪਿਆ ਹਾਂ ਆਪਾਂ ਫਲਾਣੇ ਸਮਾਗਮ ਉੱਪਰ ਇਕੱਠੇ ਜਾਣਾ ਹੈ। ਉਹ ਭਾਵੇਂ ਪਰਵਿੰਦਰ ਸੰਧੂ ਦਾ ਵਿਆਹ ਹੋਵੇ, ਜਾਂ ਸਤਵਿੰਦਰ ਬੁੱਗਾ, ਕਮਲਜੀਤ ਨੀਰੂ ਤੇ ਪੰਮੀ ਬਾਈ ਦਾ ਨਿੱਜੀ ਸਮਾਗਮ ਹੋਵੇ। ਉਹਨਾਂ ਨੇ ਕਈ ਕਲਾਕਾਰਾਂ ਦਾ ਜੀਵਨ ਸਾਥੀ ਲੱਭਣ ਚ ਵੀ ਮਦਦ ਕੀਤੀ । ਸਰਦੂਲ ਸਿਕੰਦਰ ਦੀ ਮੌਤ ਵੇਲੇ ਉਹਨਾਂ ਦਾ ਰੋਣਾ ਝੱਲਿਆ ਨਹੀਂ ਸੀ ਜਾਂਦਾ।

### ਤੇ ਜਦੋਂ ਅਚਾਨਕ ਮਾਰੀ ਭੁੱਬ

ਸੰਗੀਤਕਾ ਸਟੂਡੀਓ ਚ ਮੇਰਾ ਅਕਸਰ ਆਉਣਾ ਜਾਣਾ ਸੀ। ਇੱਕ ਵਾਰ ਦੀ ਗੱਲ ਹੈ ਮੈਂ ਉਹਨਾਂ ਦੇ ਦਿੱਲੀ ਸਥਿਤ ਸਟੂਡੀਓ ਬੈਠਾ ਸੀ। ਟੇਬਲ ਤੇ ਇੱਕ ਪਾਸੇ ਮੈਂ ਤੇ ਦੂਜੇ ਪਾਸੇ ਉਹ ਬੈਠੇ ਸਨ। ਅਸੀਂ ਗੱਲਾਂਚ ਰੁੱਝੇ ਹੋਏ ਸੀ। ਹਾਸਿਆਂ ਦੀ ਫੁਹਾਰ ਪੈ ਰਹੀ ਸੀ। ਟੇਬਲ ਦੇ ਸਾਹਮਣੇ ਪਏ ਫੋਨ ਦੀ ਘੰਟੀ ਵੱਜੀ। ਹੱਸਦੇ ਹੱਸਦੇ ਉਹਨਾਂ ਨੇ ਫੋਨ ਚੁੱਕ ਲਿਆ ਤੇ ਗੱਲਾਂ ਕਰਨ ਲੱਗ ਗਏ। ਅਚਾਨਕ ਉਹਨਾਂ ਦਾ ਚਿਹਰਾ ਗੰਭੀਰ ਹੋ ਗਿਆ ਤੇ ਭੁੱਬ ਨਿਕਲ ਗਈ। ਕੁੱਝ ਪਲ ਲਈ ਉਦਾਸ ਹੋ ਗਏ। ਅੱਖਾਂ ਚ ਪਾਣੀ ਭਰ ਗਿਆ। ਮੈਂ ਡਰਦੇ ਹੋਏ ਨੇ ਪੁੱਛਿਆ ਕਿ ਕੀ ਹੋਇਐ ? ਕੰਬਦੀ ਆਵਾਜ਼ ਚ ਦੱਸਣ ਲੱਗੇ ਕਿ ਗੁਰਦਾਸ ਮਾਨ ਦਾ ਕਰਾਲੀ ਲਾਗੇ ਹਾਦਸਾ ਹੋ ਗਿਐ। ਡਰਾਈਵਰ ਦੀ ਮੌਤ ਹੋ ਗਈ ਐ। ਗੁਰਦਾਸ ਮਾਨ ਨੂੰ ਸੱਟਾਂ ਲੱਗੀਆਂ ਹਨ। ਇਹ ਤੜਪ ਸੀ ਉਹਨਾਂ ਦੇ ਮਨ ਚ ਸਾਥੀ ਕਲਾਕਾਰਾਂ ਲਈ।

### ਅਧੂਰੀ ਰਹਿ ਗਈ ਇੱਛਾ

ਚਰਨਜੀਤ ਆਹੂਜਾ ਦੀ ਤਮੰਨਾ ਸੀ ਕਿ ਉਹ ਪਾਕਿਸਤਾਨੀ ਗਾਇਕ ਸ਼ੌਕਤ ਅਲੀ ਨੂੰ ਰਿਕਾਰਡ ਕਰਨ। ਸਰਹੱਦਾਂ ਦਾ ਰੇੜਕਾ ਤੇ ਮੁਲਕਾਂ ਦੀ ਸਿਆਸਤ ਕਾਰਨ ਉਹਨਾਂ ਦੀ ਇਹ ਤਮੰਨਾ ਪੂਰੀ ਨਹੀਂ ਹੋ ਸਕੀ। ਸ਼ੌਕਤ ਅਲੀ ਦੇ ਮਨ ਚ ਵੀ ਇਹੀ ਸੀ ਕਿ ਉਸਨੂੰ ਓਹੂਜਾ ਸਾਹਿਬ ਦੇ ਸੰਗੀਤ 'ਚ ਰਿਕਾਰਡ ਹੋਣ ਦਾ ਸੁਭਾਗ ਪ੍ਰਾਪਤ ਹੋਵੇ। ਪਰ ਉਹ ਵੀ ਪੂਰਾ ਨਹੀਂ ਹੋਇਆ। ਕੁੱਝ ਵਰ੍ਹੇ ਪਹਿਲਾਂ ਹੀ ਉਹ ਵੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

### ਕੈਂਸਰ ਨਾਲ ਜੰਗ

ਚਰਨਜੀਤ ਚਰਨਜੀਤ ਆਹੂਜਾ ਪਿਛਲੇ ਤਿੰਨ ਦਹਾਕਿਆਂ ਤੋਂ ਕੈਂਸਰ ਨਾਲ ਪੀੜਤ ਹੋਣ ਕਾਰਨ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ। 21 ਸਤੰਬਰ ਐਤਵਾਰ ਨੂੰ ਮਨਹੂਸ ਸ਼ਾਮ ਅਜਿਹੀ ਆਈ ਕਿ ਕੈਂਸਰ ਨਾਲ ਲੜਾਈ ਲੜ ਰਹੇ ਆਹੂਜਾ ਸਾਹਿਬ ਦੀ ਜਿੰਦਗੀ ਹਾਰ ਗਈ ਤੇ ਮੌਤ ਜਿੱਤ ਗਈ। ਸੰਗੀਤ ਸਮਰਾਟ ਆਹੂਜਾ ਨੂੰ ਸਾਥੋਂ ਭਾਵੇਂ ਸਦਾ ਲਈ ਖੋਹ ਲਿਆ ਹੈ। ਆਹੂਜਾ ਸਾਹਿਬ ਦੀ ਮੌਤ ਨਾਲ ਸੰਗੀਤ ਜਗਤ ਦਾ ਸੂਰਜ ਸਦਾ ਲਈ ਅਸਤ ਹੋ ਗਿਆ ਹੈ।ਆਹੂਜਾ ਸਾਹਿਬ ਬੇਸ਼ੱਕ ਜਿਸਮਾਨੀ ਤੌਰ ਤੇ ਸਾਡੇ ਕੋਲੋਂ ਚਲੇ ਗਏ ਹਨ ਪਰ ਉਹਨਾਂ ਦੇ ਸੰਗੀਤ ਵੱਧ ਕੀਤੇ ਗਏ ਗੀਤਾਂ ਰਾਹੀ ਉਹ ਹਮੇਸ਼ਾ ਸਾਡੇ ਦਿਲਾਂ ਚ ਜਿੰਦਾ ਰਹਿਣਗੇ। ਉਹਨਾਂ ਦੇ ਗੀਤਾਂ ਦੀਆਂ ਧੁਨਾ ਹਮੇਸ਼ਾ ਸਾਡੇ ਕੰਨਾਂ ਚ ਗੂੰਜਦੀਆਂ ਰਹਿਣਗੀਆਂ ਪਰ ਸਾਜ ਵਿਲਕਦੇ ਰਹਿਣਗੇ।


ਸਾਡੀ ਦਿਲੀ ਇੱਛਾ ਐ ਕਿ ਸੰਗੀਤ ਸਮਰਾਟ ਦੀ ਯਾਦਗਾਰ ਸਰਕਾਰ ਵੱਲੋਂ ਬਣਾਈ ਜਾਵੇ। ਉਹਨਾਂ ਦੀ ਯਾਦ ਵਿੱਚ ਹਰ ਸਾਲ ਮੇਲਾ ਲਗਾਇਆ ਜਾਵੇ ਅਤੇ ਕੋਈ ਐਵਾਰਡ ਉਹਨਾਂ ਦੇ ਨਾਂ ਉੱਪਰ ਸਥਾਪਿਤ ਕੀਤਾ ਜਾਵੇ। ਅਜਿਹਾ ਹੋਣ ਨਾਲ ਪੰਜਾਬ ਪੰਜਾਬੀਅਤ ਤੇ ਪੰਜਾਬੀ ਸੰਗੀਤ ਪ੍ਰਫੁੱਲਤ ਹੋਵੇ ਹੋਵੇਗਾ ਚਰਨਜੀਤ ਆਹੂਜਾ ਸਾਹਿਬ ਹਮੇਸਾ ਲਈ ਲੋਕ ਮਨਾ ਵਿੱਚ ਜਿੰਦਾ ਰਹਿਣਗੇ ।




ਜਰਨੈਲ ਬਸੋਤਾ
ਐਡਮਿੰਟਨ
1 780 667 1786













ਫੇਸ 7 ਹੁਣ ਖੁੱਲਾ ਹੈ

ਐਂਬਲਟਨ ਦੇ ਜੀਵੰਤ ਉੱਤਰੀ-ਪੱਛਮੀ ਭਾਈਚਾਰੇ ਵਿੱਚ ਇਸ ਦਿਲਚਸਪ ਨਵੇਂ ਪੜਾਅ ਦੀ ਖੋਜ ਕਰੋ! ਇਸ ਸ਼ਾਂਤਮਈ ਐਨਕਲੇਵ ਵਿੱਚ ਵਾਕਆਊਟ ਲਾਟ, **ਇੱਕ ਭਵਿੱਖੀ ਸਕੂਲ ਸਾਈਟ, ਵਿਸ਼ਾਲ ਖੇਡ ਦੇ ਮੈਦਾਨ**, ਅਤੇ ਬਾਹਰ ਦਾ ਆਨੰਦ ਲੈਣ ਲਈ ਹਰੇ ਭਰੇ ਖੇਤਰ ਹਨ। ਵਿਸ਼ਾਲ ਭਾਈਚਾਰੇ ਵਿੱਚ 3 **ਖੇਡ ਦੇ ਮੈਦਾਨ, ਇੱਕ ਸੁਰੱਖਿਅਤ ਅਤੇ ਸੁੰਦਰ ਮਾਰਗ ਪ੍ਰਣਾਲੀ,** ਅਤੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋਣ ਲਈ ਹੋਰ ਵੀ ਹਰੀ ਜਗ੍ਹਾ ਹੈ।

ਐਂਬਲਟਨ ਦੇ ਅੰਤਿਮ ਪੜਾਅ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਾਰੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ!

**liveinambleton.com**

- Sterling Homes
- Jayman BUILT
- Trico Homes
- Shane Homes
- Broadview Homes

Front Garage
FROM THE MID
$700s

Laned Homes
FROM THE HIGH
$500s

Ambleton
A Qualico Community

QUALICO communities

WE CREATE LEGACY COMMUNITIES THAT **INSPIRE PRIDE, ENRICH LIVES AND ENDURE IN VALUE.**



**Bains Vision Centre**

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ



**Dr.Jaswinder S Bains**
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8



**Sidhu Accounting & Financial Services**



Accounting Services
- Personal Tax Returns
- Corporate Tax Returns
- Computerized Bookkeeping
- T4's
- Record of Employment

Financial Services
- RRSP
- Life Insurance
  - Term Life
  - Universal Life
- Critical Illness Insurance
- Segregated Funds

IQBAL SIDHU
(403) 568-2667

ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।

#202, 4656 Weswinds Drive NE. Calgary AB T3J 3Z5



**Asia Pacific Immigration Consulting Ltd.**
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



ਇਮੀਗ੍ਰੇਸ਼ਨ ਸੇਵਾਵਾਂ
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ


Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

iccrc crcic
Call for an appointment
403-225-1111
Toll Free 1-855-723-0001

Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



**Delta-A Stucco Ltd.**




81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



NE NORTHEAST AUTOMOTIVE

Bring your vehicle into NorthEast Automotive and be on smoother, stress free roads



First Choice for Engine Repair

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Contact:
DEEP
4205-17 Ave SE
Calgary (AB)

Fax: 403 313 9993
Email: deep@neauto.ca

www.neauto.ca Ph. 403-263-1000, 403-250-7038


TRUCK DRIVER TOWN HALL
The Fight for a Fair, Safe, and Sustainable Trucking Industry
November 22, 2025
12pm PT/3pm ET/4pm AT
Virtual on Zoom
In-person in Brampton
Susan Fennell Sportsplex
Multipurpose Room 2
500 Ray Lawson Boulevard
• Hear from drivers and owner operators advocating for industry change
• Join the fight for real solutions to low wages and poor working conditions
W•C•T•A
JUSTICE FOR TRUCK DRIVERS
Register today: shorturl.at/ffRVe
Call us at 289-544-2998
Email us at justice4td@gmail.com


CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1


Call Romi Sidhu For Insurance & Financial Needs
StateFarm
IS NOW
Desjardins
Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILITY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent


COLDWELL BANKER | YAD REALTY
RESIDENTIAL, COMMERCIAL & PROPERTY MANAGEMENT
ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ ਉਸ ਤੋਂ ਬਾਅਦ ਅਸੀਂ ਬਿਨਾ ਕਿਸੇ ਫੀਸ ਦੇ ਵੇਚਾਂਗੇ*
YADREALTY.CA
ANDY BHALLA
OWNER, BROKER, REALTOR®
403-899-7171
HIRING BEST REAL ESTATE AGENTS
3130, 6520 36 Street NE, Calgary AB
AMRIT BEDI
OWNER & REALTOR®
403-414-9191


ਨਾਰਥ ਈਸਟ ਵਿੱਚ
ਨਵੀਂ ਸ਼ਾਨਦਾਰ ਕਮਿਊਨਿਟੀ
ਹੋਮਸਟੀਡ
ਵਿੱਚ ਆਪਣੀਆਂ ਜੜ੍ਹਾਂ ਲਾਓ
Partners Homes, Excel Homes, Trico Homes, and Genesis Builders. – ਪੁਰਸਕਾਰ ਜੇਤੂ ਬਿਲਡਰਾਂ ਦੁਆਰਾ ਬਣਾਏ ਗਏ ਘਰਾਂ ਦੀ ਇੱਕ ਸ਼੍ਰੇਣੀ ਵਿੱਚੋਂ ਚੁਣੋ।
Duplexes – $530s ਤੋਂ ਸ਼ੁਰੂ ਹੁੰਦੇ ਹਨ।
Laned Homes, ਅਤੇ Front-Garage ਵਾਲੇ ਘਰ $500s–$700s. ਤੋਂ ਸ਼ੁਰੂ ਹੁੰਦੇ ਹਨ।
DUPLEX
LANED
FRONT GARAGE
ਹੋਮਸਟੀਡ ਵਿਖੇ ਅੱਜ ਹੀ ਪਧਾਰੋ !
liveinhomestead.ca
Homestead
a partners community

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਪਰਮਜੀਤ ਕੌਰ ਖੋਸਾ ਨੂੰ ਉਸ ਦੀਆਂ ਸੇਵਾਵਾਂ ਸਦਕਾ 'ਐਵਾਰਡ ਆਫ ਆਨਰ' ਪ੍ਰਦਾਨ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਆਮ ਇਜਲਾਸ ( ਏ ਜੀ ਐਮ) 17 ਨਵੰਬਰ, 2025 ਨੂੰ ਵੀਵੋ ਦੇ ਹਾਲ ਵਿੱਚ ਆਯੋਜਿਤ ਕੀਤਾ ਗਿਆ। ਸ਼ਬਦ ਗਾਇਨ ਤੋਂ ਬਾਅਦ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਐਸੋਸੀਏਸ਼ਨ ਦੇ ਸਾਲ ਭਰ ਦਾ ਲੇਖਾ-ਜੋਖਾ ਪ੍ਰਸਤੁਤ ਕੀਤਾ। ਪਹਿਲੀ ਅਕਤੂਬਰ, 2024 ਤੋਂ 30 ਸਤੰਬਰ, 2025 ਤੱਕ ਦੇ ਸਾਲ ਦੀ ਆਮਦਨ ਅਤੇ ਖ਼ਰਚ ਦਾ ਮੁਕੰਮਲ ਬਿ?ਰਾ ਪੇਸ਼ ਕੀਤਾ । ਪੇਸ਼ ਕੀਤੇ ਅੰਕੜਿਆਂ ਮੁਤਾਬਕ ਐਸੋਸੀਏਸ਼ਨ ਦੀ ਮਾਲੀ ਹਾਲਤ ਬਹੁਤ ਤਸੱਲੀਬਖ਼ਸ਼ ਰਹੀ। ਇਸ ਉਪ੍ਰੰਤ ਮਿਸਟਰ ਪਲਾਹਾ ਨੇ ਸਾਲ ਭਰ ਦੀਆਂ ਯਾਦਗਾਰੀ ਗਤੀਵਿਧੀਆਂ ਅਤੇ ਮਾਣ ਕਰਨ ਯੋਗ ਪ੍ਰਾਪਤੀਆਂ ਦਾ ਸੰਖੇਪ ਵਰਨਣ ਕੀਤਾ। ਐਸੋਸੀਏਸ਼ਨ ਦੁਆਰਾ ਅਜਿਹਾ ਵੱਕਾਰੀ ਸਥਾਨ ਬਰਕਰਾਰ ਰੱਖਣ ਲਈ ਮੈਂਬਰਾਂ ਦੇ ਕੀਮਤੀ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਮੈਂਬਰਾਂ ਨੇ ਸੁਰਿੰਦਰਜੀਤ ਪਲਾਹਾ ਦੀ ਯੋਗ ਅਗਵਾਈ ਲਈ ਸ਼ਲਾਘਾ ਕੀਤੀ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿਚ ਗੁਰੂ ਜੀ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। 16 ਨਵੰਬਰ, 1918 ਵਾਲ਼ੇ ਦਿਨ ਸ਼ਹੀਦ ਹੋਏ ਕਰਤਾਰ ਸਿੰਘ ਸਰਾਭਾ ਅਤੇ ਛੇ ਸਾਥੀ ਦੇਸ਼ਭਗਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਨਵੰਬਰ ਮਹੀਨੇ ਪੈਂਦੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ। ਸੁਰਿੰਦਰਜੀਤ ਪਲਾਹਾ ਨੇ ਮਨੁੱਖੀ ਵਿਕਾਸ ਦੇ ਵਿਸ਼ੇ ਤੇ ਬੋਲਦਿਆਂ ਕਿਹਾ ਕਿ ਕੋਈ ਦਸ ਹਜ਼ਾਰ ਸਾਲ ਪਹਿਲਾਂ ਖ਼ਾਨਾਬਦੋਸ਼ ਲੋਕ ਜਦੋਂ ਖੇਤੀ ਕਰਨ ਲੱਗੇ ਤਾਂ ਟਿਕ ਕੇ ਰਹਿਣ ਲੱਗੇ ਜਿਸ ਨਾਲ ਭਾਸ਼ਾ ਅਤੇ ਸੱਭਿਆਚਾਰ ਦਾ ਵਿਕਾਸ ਹੋਇਆ। ਸਮਾਜ ਦੀ ਬਣਤਰ ਤੋਂ ਲੈ ਕੇ ਦੇਸ਼ਾਂ ਦੀ ਬਣਤਰ ਤੱਕ ਦਾ ਪੜਾਅਵਾਰ ਵੇਰਵਾ ਦਿੱਤਾ । ਉਨ੍ਹਾਂ ਨੇ ਕਿਹਾ ਕਿ ਹਰੇਕ ਸੱਭਿਆਚਾਰ ਸਮੇਂ ਮੁਤਾਬਕ ਥੋੜਾ ਬਹੁਤ ਤਬਦੀਲ ਹੁੰਦਾ ਰਹਿੰਦਾ ਹੈ ਪਰ ਕਦਰਾਂ ਕੀਮਤਾਂ ਨਹੀਂ ਬਦਲਦੀਆਂ। ਉਨ੍ਹਾਂ ਨੇ ਆਪਣੀ ਸੱਭਿਆਚਾਰਕ ਵਿਰਾਸਤ ਬੱਚਿਆਂ ਤੱਕ ਪੁਚਾਉਣ ਦੀ ਸਲਾਹ ਦਿੱਤੀ। ਐਸੋਸੀਏਸ਼ਨ ਦੀ ਮੈਂਬਰ ਪਰਮਜੀਤ ਕੌਰ ਖੋਸਾ ਨੂੰ ਉਸ ਦੀਆਂ ਐਸੋਸੀਏਸ਼ਨ ਅਤੇ ਭਾਈਚਾਰੇ ਵਾਸਤੇ ਕੀਤੀਆਂ ਜਾ ਰਹੀਆਂ ਸੇਵਾਵਾਂ ਸਦਕਾ 'ਐਵਾਰਡ ਆਫ ਆਨਰ' ਪ੍ਰਦਾਨ ਕੀਤਾ ਗਿਆ ਜਿਸ ਦੀ ਸ਼ਾਨਦਾਰ ਪਲੇਕ ਉੱਘੇ ਸਮਾਜਸੇਵੀ ਬਿੱਕਰ ਸਿੰਘ ਸੰਧੂ ਨੇ ਤਿਆਰ ਕੀਤੀ। ਹਰਕੰਵਲਜੀਤ ਕੌਰ ਧਾਲ਼ੀਵਾਲ਼ ਦੇ ਗੀਤ - ਅੱਖੀਆਂ ਵਿੱਚ ਵਸਦਿਆ ਸੱਜਣਾ, ਤੇਰੇ ਮੈਂ ਦਿਲ ਵਿੱਚ ਰਹਿਣਾ, ਨੇ ਸੰਗੀਤਕ ਮਾਹੌਲ ਸਿਰਜਿਆ। ਸੁਖਮੰਦਰ ਗਿੱਲ ਨੇ ਆਪਣੇ ਗੀਤ - ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ - ਨਾਲ਼ ਗੁਰੂ ਜੀ ਦੀ ਅਦੁਤੀ ਸ਼ਹਾਦਤ ਪ੍ਰਤੀ ਸ਼ਰਧਾਂਜਲੀ ਦਿੱਤੀ। ਡਾ: ਰਾਜਵੰਤ ਕੌਰ ਮਾਨ ਨੇ ਸ਼ਹੀਦ ਕਰਤਾਰ ਸਿੰਘ ਸਰਾਭੇ ਬਾਰੇ ਲਿਖੀ ਕਵਿਤਾ ਸੁਣਾਈ। ਤਾਰਿਕ ਮਲਿਕ ਨੇ ਸ਼ੇਅਰ ਸੁਣਾ ਕੇ ਵਰਜ਼ਿਸ਼ ਕਰਨ ਦੇ ਢੰਗ ਸਮਝਾਏ। ਜੋਗਾ ਸਿੰਘ ਲੈਹਲ ਅਤੇ ਤਰਲੋਕ ਚੁੱਘ ਦਰਸ਼ਕਾਂ ਨੂੰ ਹਸਾ ਕੇ ਆਪਣਾ ਜੱਦੀ ਕੰਮ ਕਰ ਗਏ। ਸ਼ਿਵਾਲਕ ਇਲਾਕੇ ਦੇ ਪਿਛੋਕੜ ਵਾਲ਼ੇ ਕਰਮ ਸਿੰਘ ਮੁੰਡੀ ਨੇ ਉੱਥੋਂ ਦੇ ਪੁਰਾਣੇ ਰਿਵਾਜਾਂ ਦੀ ਗੱਲ ਕੀਤੀ। ਅਖੀਰ ਵਿਚ ਸੁਰਿੰਦਰਜੀਤ ਪਲਾਹਾ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਲਈ ਮੈਂਬਰਾਂ ਦਾ ਧੰਨਵਾਦ ਕੀਤਾ।

## ਅਮਰੀਕਾ-ਭਾਰਤ ਵਪਾਰ ਸਮਝੌਤਾ 'ਜਲਦੀ' ਸੰਭਵ: ਟਰੰਪ ਪ੍ਰਸ਼ਾਸਨ



ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਟਰੰਪ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤਾ ਜਲਦੀ ਹੀ ਹੋ ਸਕਦਾ ਹੈ।ਰਾਸ਼ਟਰੀ ਆਰਥਿਕ ਕੌਂਸਲ ਦੇ ਡਾਇਰੈਕਟਰ, ਕੇਵਿਨ ਹੈਸੈੱਟ (Kevin Hassett) ਨੇ ਇੱਕ ਇੰਟਰਵਿਊ ਵਿੱਚ ਕਿਹਾ, ਹਾਂ, ਅਸੀਂ ਸਮਝੌਤਾ ਦੇ ਬਹੁਤ ਨੇੜੇ ਹਾਂ। ਮੈਂ ਰਾਜਦੂਤ ਨਾਲ ਗੱਲ ਕੀਤੀ ਹੈ ਸਾਡੀਆਂ ਮੁਲਾਕਾਤਾਂ ਹੋਈਆਂ ਹਨ। ਹੈਸੈੱਟ ਨੇ ਮੰਨਿਆ ਕਿ ਭਾਰਤ ਦੇ ਰੂਸ ਨਾਲ ਸਬੰਧਾਂ ਕਾਰਨ ਇਹ ਗੁੰਝਲਦਾਰ ਸਥਿਤੀ ਹੈ।ਉਨ੍ਹਾਂ ਕਿਹਾ, ਮੈਨੂੰ ਲੱਗਦਾ ਹੈ ਕਿ ਇਹ ਗੁੰਝਲਦਾਰ ਸਥਿਤੀ ਹੈ ਕਿਉਂਕਿ ਇਸ ਵਿੱਚ ਭਾਰਤ ਰੂਸ ਨਾਲ ਕੀ ਕਰਦਾ ਹੈ ਅਤੇ ਭਾਰਤ ਸਾਡੇ (ਅਮਰੀਕਾ) ਨਾਲ ਕੀ ਕਰਦਾ ਹੈ, ਇਹ ਸਭ ਸ਼ਾਮਲ ਹੈ। ਪਰ ਉਹ ਚੰਗੇ ਦੋਸਤ ਹਨ ਅਤੇ ਸਾਨੂੰ ਉਮੀਦ ਹੈ ਕਿ ਅਸੀਂ ਇਸਨੂੰ ਜਲਦੀ ਹੀ ਹੱਲ ਕਰ ਲਵਾਂਗੇ। ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਜਦੋਂ ਇਹ ਸਮਝੌਤਾ ਨਿਰਪੱਖ, ਬਰਾਬਰ ਅਤੇ ਸੰਤੁਲਿਤ ਹੋਵੇਗਾ, ਤਾਂ ਤੁਹਾਨੂੰ ਭਾਰਤ ਅਤੇ ਅਮਰੀਕਾ ਵਿਚਕਾਰ ਪ੍ਰਸਤਾਵਿਤ ਵਪਾਰ ਸਮਝੌਤੇ ਬਾਰੇ ਇੱਕ ਚੰਗੀ ਖ਼ਬਰ ਸੁਣਨ ਨੂੰ ਮਿਲੇਗੀ।ਗੋਇਲ ਨੇ ਦਿੱਲੀ ਵਿੱਚ ਇੱਕ ਸਮਾਗਮ ਵਿੱਚ ਕਿਹਾ ਕਿ ਭਾਰਤ ਸਮਝੌਤੇ ਵਿੱਚ ਕਿਸਾਨਾਂ ਅਤੇ ਮਛੇਰਿਆਂ ਦੇ ਹਿੱਤਾਂ ਦੀ ਵੀ ਰਾਖੀ ਕਰੇਗਾ।ਜ਼ਿਕਰਯੋਗ ਹੈ ਭਾਰਤ ਅਤੇ ਅਮਰੀਕਾ ਮਾਰਚ ਤੋਂ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ ਲਈ ਗੱਲਬਾਤ ਕਰ ਰਹੇ ਹਨ ਅਤੇ ਹੁਣ ਤੱਕ ਦੋਵਾਂ ਧਿਰਾਂ ਵਿਚਕਾਰ ਛੇ ਦੌਰ ਦੀ ਗੱਲਬਾਤ ਹੋ ਚੁੱਕੀ ਹੈ।

# ਹਰਪ੍ਰੀਤ ਕੌਰ 'ਚ ਜਾਨ ਹੈ, ਉਹ ਕੁਰਬਾਨ ਹੋਣਾ ਲੋਚਦੀ ਹੈ





ਉਹ ਆਮ ਨਹੀਂ ਹੈ...ਖ਼ਾਸ ਵੀ ਨਹੀਂ ਹੈ।।ਉਹ ਸਿਰਫ ਹਰਪ੍ਰੀਤ ਐ।।ਤੇ ਹਰਪ੍ਰੀਤ ਹੋਣਾ ਸੌਖਾ ਨਹੀਂ ਐ।।ਹਰਪ੍ਰੀਤ ਦੇ ਨਾਮ ਦਾ ਅਰਥ ਤਾਂ ਇਹ ਬਣਦੈ ਕਿ ਉਹ ਹਰ ਇੱਕ ਦੀ ਪ੍ਰੀਤ ਬਣੇ।।ਤੇ ਹਰ ਇੱਕ ਉਹਦੀ ਪ੍ਰੀਤ ਬਣੇ।।ਪਰ ਏਥੇ ਮੁਕੰਮਲ ਜਹਾਨ ਸੌਖਿਆਂ ਕਿੱਥੇ ਮਿਲਦੈ।।ਹਰਪ੍ਰੀਤ ਉਹ ਜਹਾਨ ਰੰਗਮੰਚ ਚੋਂ ਲੱਭ ਰਹੀ ਹੈ।।ਉਹ ਲੱਭ ਲਵੇਗੀ।।ਉਸ ਲਗਭਗ ਲੱਭ ਲਿਆ ਹੈ।।ਉਹ ਇੱਕ ਦਿਨ ਰੰਗਮੰਚ ਦੇ ਕੋਠੇ ਚੜ੍ਹ ਦਹਾੜ ਮਾਰੇਗੀ।।ਪ੍ਰੌਗਰੈਸਿਵ ਕਲਾ ਮੰਚ ਉਸ ਦਿਨ ਲਈ ਪੌੜੀ ਬਣਨ ਲਈ ਤਿਆਰ ਹੈ...ਹਰਪ੍ਰੀਤ ਤਿਆਰ ਹੋ ਰਹੀ ਹੈ!

ਉਸ ਨੂੰ ਕੀ ਨਹੀਂ ਆਉਂਦਾ!।।ਨੱਚਣਾ ਜਾਣਦੀ ਐ...ਹੱਸਣਾ ਜਾਣਦੀ ਐ।।ਜਚਣਾ ਜਾਣਦੀ ਐ।।ਪਲਕ ਝਪਕਦੇ ਈ ਅੱਖਾਂ ਭਰਨੀਆਂ ਜਾਣਦੀ ਐ।।ਪੜ੍ਹਨਾ ਜਾਣਦੀ ਐ।।ਪੜ੍ਹਾਉਣਾ ਜਾਣਦੀ ਐ(ਅਧਿਆਪਕ ਹੈ)।।ਬਸ ਸਹਿਜ ਹੋਣਾ ਸਿੱਖ ਰਹੀ ਐ...ਮੈਂ ਤਿੰਨ ਸਾਲ ਤੋਂ ਏਸ ਵਿਸ਼ੇ 'ਚ ਉਹਦਾ ਅਧਿਆਪਕ ਹਾਂ।।ਮੇਰਾ ਵਿਦਿਆਰਥੀ ਲਾਇਕ ਹੈ ਪਰ ਉਸਤਾਦ ਨੂੰ ਰੁੱਝਿਆ ਰੱਖਣਾ ਚਾਹੁੰਦਾ ਹੈ...ਹੋਰ ਸੁਧਾਰ ਲਈ!।।ਉਹ ਹਰ ਰੋਜ਼ ਪੁੱਛੇਗੀ,"ਹੁਣ ਠੀਕ ਹੋ ਗਿਆ..."...। ਫਿਰ ਮੇਰੇ ਜਵਾਬ ਦੀ ਉਡੀਕ ਕੀਤੇ ਬਿਨਾਂ ਆਪੇ ਬੋਲੇਗੀ,"ਮਤਲਬ - ਕੇ ਜਿਹਾ ਐ!"।।ਮੈਂ ਸਿਰਫ ਮੁਸਕਰਾਉਂਦਾ ਹਾਂ।।ਜਾਂ ਕਦੇ ਏਨਾ ਕਹਿ ਕੇ ਉਸ ਨੂੰ ਬਾਰੀਕ ਘੇਰਾ ਪਾਉਂਦਾ ਹਾਂ ,"ਮੈਨੂੰ ਸੈਂਤੀ ਸਾਲ ਹੋ ਗਏ ਅਦਾਕਾਰੀ ਕਰਦਿਆਂ,ਬਿਹਤਰ ਤੋਂ ਬਿਹਤਰੀਨ ਕਰਨ ਦੀ ਕੋਸ਼ਿਸ਼ ਜਾਰੀ ਐ।।ਤੂੰ ਬਹੁਤ ਵਧੀਆ ਕਰ ਰਹੀ ਐਂ।।ਪਰ ਹੋਰ ਵਧੀਆ ਵੀ ਕਰ ਲਵੇਗੀ!"

ਇਹ ਕੋਈ "ਦਿਲ ਕੋ ਬਹਿਲਾਨੇ ਕੇ ਲੀਏ" ਕਿਸਮ ਦਾ ਠੁੰਮ੍ਹਣਾ ਨਹੀਂ ਐ।।ਹਰਪ੍ਰੀਤ ਸੱਚਮੁੱਚ ਅਦਾਕਾਰੀ ਦੀਆਂ ਸੰਭਾਵਨਾਵਾਂ ਦਾ ਹੁੱਡੂਜ਼ ਪਹਾੜ ਐ।।ਉਹ ਜਦ ਦਹਿਕਦੀ ਐ ਤਾਂ ਵੀ,ਜਦ ਮਹਿਕਦੀ ਐ ਤਾਂ ਵੀ।।ਜਦ ਦਹਾੜਦੀ ਐ ਤਾਂ ਵੀ।।ਜਦ ਸੰਵਾਰਦੀ ਐ ਤਾਂ ਵੀ।।ਦਰਸ਼ਕਾਂ ਦਾ ਮੂੰਹ ਫੜ ਆਪਣੇ ਵੱਲ ਘੁਮਾ ਲੈਣ ਦੀ ਸਮਰੱਥਾ ਰੱਖਦੀ ਐ।।ਮੈਂ ਉਸ ਨੂੰ ਸਹਿਜ ਅਦਾਕਾਰੀ ਦੀ ਗਿਰੀ ਚਬਾਉਣ ਵੱਲ ਤੋਰਦਾ ਹਾਂ।।ਉਹ ਕਦੇ ਵਿੱਚ ਵਿਚਾਲੇ ਫਸ ਜਾਂਦੀ ਹੈ।।ਏਸ ਫਸਣ ਫਸੌਣ ਦੀ ਤੱਕੜੀ ਤੋਂ ਬਾਹਰ ਬਹਿ ਕੇ ਤੋਲ ਤੁਕਾਂਤ ਸਹੀ ਕਰਨਾ ਹੀ ਤਾਂ ਦਰਸ਼ਕ ਦੀ ਬੇਯਕੀਨੀ ਨੂੰ ਯਕੀਨ ਵਿੱਚ ਬਦਲਣ ਦੀ ਘੁੰਡੀ ਐ।।ਮੈਂ ਆਪਣੇ ਹਰ ਅਦਾਕਾਰ ਨੂੰ ਇਹ ਗਿਰੀ ਖਾਣ ਲਈ ਕਹਿੰਦਾ ਹਾਂ।।ਹਰਪ੍ਰੀਤ ਇਹ ਗਿਰੀ ਚਿੱਥ ਰਹੀ ਹੈ।।ਛਿੱਲੜ ਸਮੇਤ!

ਹਰਪ੍ਰੀਤ ਕੌਰ ਪੰਨੂ...ਪੂਰਾ ਨਾਮ...ਰੰਗਮੰਚ ਦੇ ਨਾਮ 'ਤੇ ਉਹਨੂੰ ਚਾਅ ਚੜ੍ਹ ਜਾਂਦੈ...ਵਿਆਹ ਵਰਗਾ ਚਾਅ।। ਕੈਨੇਡਾ ਦੀ ਜ਼ਿੰਦਗੀ ਸੌਖੀ ਨਹੀਂ,ਉਸ ਨੇ ਰਿਹਰਸਲ ਲਈ ਵਕਤ ਕਿਵੇਂ ਕੱਢਣਾ...ਬੱਚਿਆਂ ਦੇ ਰੁਝੇਵਿਆਂ ਚੋਂ,ਪਰਿਵਾਰਕ ਮਸਰੂਫ਼ੀਅਤ ਚੋਂ।।ਇਹ ਸਿਰਫ ਹਰਪ੍ਰੀਤ ਜਾਣਦੀ ਆ,ਅਸੀਂ ਸਿਰਫ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ...ਪਰ ਜਦ ਆ ਗਈ ਤਾਂ ਧੁਰ ਅੰਦਰ ਤੱਕ ਕਿਰਦਾਰ ਨੂੰ ਸਮਝਣ ਤੇ ਨਿਭਾਉਣ 'ਚ ਜੁਟ ਜਾਂਦੀ ਐ।।"ਐਲ ਐਮ ਆਈ ਏ " ਚ ਉਹ ਜਦ ਘਰੋੜ ਕੇ "ਐਲ ਐਮ ਆਈਆਂ" ਦੀ ਵਿਸ਼ੇਸ਼ ਧੁਨ ਉਸਾਰਦੀ ਸੀ ਤਾਂ ਦਰਸ਼ਕ ਦੇ ਮੱਥੇ ਦਸਤਕ ਹੁੰਦੀ ਸੀ ਕਿ ਅਸੀਂ ਅਸਲ ਵਿੱਚ ਕਹਿ ਕੀ ਰਹੇ ਹਾਂ! ਏਸ ਵਾਰ ਵੀ ਅਸੀਂ "ਬੇਸਮੈਂਟ ਵਿੱਚ ਤਰੇੜ ਹੈ"ਦੇ ਜ਼ਰੀਏ ਬਹੁਤ ਕੁੱਝ ਵੱਖਰਾ ਕਹਿਣ ਜਾ ਰਹੇ ਹਾਂ,ਤੇ ਇਸ ਕਹਿਣ ਕਹਾਉਣ ਵਿੱਚ ਜਿਹੜਾ ਰਾਗ ਹਰਪ੍ਰੀਤ ਨੇ ਛੇੜਨਾ ਹੈ,ਤੁਸੀਂ ਹੈਰਾਨ ਹੋ ਜਾਵੋਗੇ...ਉਹ ਇੱਕ ਇੱਕ ਸੰਵਾਦ ਨੂੰ ਪੈਮਾਨੇ 'ਚ ਟਿਕਾਅ ਰਹੀ ਐ।।ਤੁਹਾਨੂੰ ਸੰਵਾਦ ਸੰਵਾਦ ਨਹੀਂ ਲੱਗਣਗੇ,ਕਿਸੇ ਪੁਰਾਤਨ ਸੱਭਿਅਤਾ ਦੀ ਰਹਿੰਦ ਖੂੰਹਦ ਚੋਂ ਚੁਗੀਆਂ ਹੱਡੀਆਂ ਦੇ ਭੁਰਨ ਤੇ ਖਹਿਣ ਦਾ ਸੰਗੀਤ ਜਾਪਣਗੇ...ਹਰਪ੍ਰੀਤ ਰੰਗਮੰਚ ਤੋਂ ਕੁਰਬਾਨ ਹੋਣਾ ਲੋਚਦੀ ਹੈ...ਅਸੀਂ ਸਭ ਤੇਰੇ ਨਾਲ ਹਾਂ ਹਰਪ੍ਰੀਤ,ਤੇਰੇ ਸੱਜੇ ਖੱਬੇ ਤੇਰੀ ਧਿਰ ਬਣ ਕੇ...ਤੈਨੂੰ ਹਰ ਖੁਸ਼ੀ ਮਿਲੇ,ਤੂੰ ਰੰਗਮੰਚ ਦੀ ਜਾਨ ਏਂ।।ਇਹ ਜਾਨ ਸਲਾਮਤ ਰਹੇ...ਤੇਰਾ ਇਹ ਵੀਰ ਤੇਰੇ ਨਾਲ ਐ।।ਅੱਜ ਵੀ,ਅਗਲੇ ਸਾਲ ਵੀ।।ਉਸ ਤੋਂ ਅਗਲੇ ਸਾਲ ਵੀ।।ਸੌ ਸਾਲ ਦਾ ਅੰਕੜਾ ਪਾਰ ਕਰਨ ਤੱਕ...ਤੈਨੂੰ ਇਮਤਿਹਾਨ 'ਚ ਪਾਉਂਦਾ ਰਹਾਂਗਾ,ਤੂੰ ਮੈਰਿਟ 'ਚ ਆਉਂਦੀ ਰਹੇਂਗੀ!।।

ਤੇਰਾ ਨਿਰਦੇਸ਼ਕ ਵੀਰ
ਸਾਹਿਬ ਸਿੰਘ












SOUTH POINT
A MASTER PLANNED COMMUNITY

# ਹੁਣੇ ਮੂਵ ਹੋਣ ਲਈ ਘਰ ਤਿਆਰ ਬਰ ਤਿਆਰ ਹਨ





**THE AUBREY**
2,031 SF
3 Beds + Bonus | 3 Baths




**THE BENTON**
1,977 SF
3 Beds + Office + Bonus | 3 Baths



**THE CHELSEY**
2,183 SF
3 Beds + Bonus | 3 Baths

**Home Features Include:**
- ਕੁਆਰਟਜ਼ ਕਾਊਂਟਰਟੌਪਸ ਅਤੇ ਵਾਕ-ਇਨ ਪੈਂਟਰੀਆਂ ਵਾਲੀਆਂ ਗੋਰਮੇਟ ਰਸੋਈਆਂ
- 9' ਛੱਤ, ਲਗਜ਼ਰੀ ਵਿਨਾਇਲ ਪਲੈਂਕ ਫਲੋਰਿੰਗ, ਅਤੇ ਸਪਾ-ਪ੍ਰੇਰਿਤ ਬਾਥਰੂਮ
- ਫਰੰਟ ਡਬਲ ਗੈਰਾਜ ਅਤੇ ਜੇ ਚਾਹੋ ਤਾਂ ਵਾਕ-ਆਊਟ ਬੇਸਮੈਂਟ

**Community Highlights:**
- 12 ਏਕੜ ਤੋਂ ਵੱਧ ਦੇ ਪਾਰਕ,ਸਪੋਰਟਸ ਕੋਰਟ,ਬਾਰਬੀਕਿਊ ਖੇਤਰ ਅਤੇ ਲੀਸ਼ ਤੋਂ ਬਿਨਾਂ ਕੁੱਤਿਆਂ ਲਈ ਪਾਰਕ
- ਨੌਰਥਕੋਟ ਪ੍ਰੇਰੀ ਐਲੀਮੈਂਟਰੀ ਸਕੂਲ ਤੱਕ ਪੈਦਲ ਜਾਓ
- ਹਾਈਵੇਅ **QE2** ਅਤੇ ਸਾਊਥ ਟ੍ਰਾਂਜ਼ਿਟ ਟਰਮੀਨਲ ਤੱਕ ਆਸਾਨ ਪਹੁੰਚ



**Visit Our Sales Centre**
1305 Southpoint Parade SW, Airdrie AB T4B 5P3
403.980.1979 | southpoint@vestaproperties.com
**VESTASOUTHPOINT.COM**

VESTA PROPERTIES
Built by Vesta – Over 7,000 homes delivered across Alberta and BC. Renderings are an artist's conception and are intended as a general reference only.

**ਜਦੋਂ ਤੁਸੀਂ ਕਿਸੇ ਦੋਸਤ ਨੂੰ ਰੈਫਰ ਕਰਦੇ ਹੋ ਤਾਂ $3,000 ਕਮਾਓ**
ਘਰ ਦੀ ਡੀਲ ਮੁਕੰਮਲ ਹੋਣ 'ਤੇ $3,000 ਰੈਫਰਲ ਬੋਨਸ ਪ੍ਰਾਪਤ ਕਰੋ!
ਇਹ ਪੇਸ਼ਕਸ਼ ਕੈਲਗਰੀ ਅਤੇ ਏਅਰਡ੍ਰੀ ਵਿੱਚ ਮੌਜੂਦਾ ਵੇਸਟਾ ਪ੍ਰਾਪਰਟੀਜ਼ ਦੇ ਘਰਾਂ ਦੇ ਮਾਲਕਾਂ ਲਈ ਵਿਸ਼ੇਸ਼ ਤੌਰ 'ਤੇ ਵੈਧ ਹੈ।
** ਰੀਅਲਟਰਾਂ ਲਈ ਇਹ ਯੋਜਨਾਵਾਂ ਨਹੀਂ ਹਨ।



BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com




bridgeport CHESTERMERE
SHOWHOMES NOW OPEN
SHOWHOME
Bridgeport Gate
Bridgeport
Bridgeport St
Bridgeport Ave
ਸਾਡੇ ਸ਼ੋਅ ਹੋਮ ਆਕੇ ਦੇਖੋ
Laned & Laned Duplexes
Front Garage
Broadview Homes 533 & 537 Bridgeport St
Truman 549 & 553 Bridgeport St
NuVista Homes 404 Bridgeport Glen
Trico Homes 541 & 545 Bridgeport St
Shane Homes 557 & 561 Bridgeport St
Sterling Homes 408 Bridgeport Glen
Chestermere
LANED DUPLEXES from the mid $500s
LANED HOMES from the high $500s
FRONT GARAGE from the mid $700s
ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿਤ, ਇਹ ਭਾਈਚਾਰਾ ਸ਼ਾਂਤ ਝੀਲਾਂ ਦੇ ਨੇੜੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵੱਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਂਉਂਦਾ ਹੈ ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ
liveinbridgeport.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Ambleridge
ਕੈਲਗਰੀ ਵਿੱਚ ਨਵੀਂ ਨਾਰਥ ਵੈਸਟ ਕਮਿਓਨਿਟੀ
ਹੁਣ ਪਹਿਲਾਂ ਵਿਕ ਰਹੇ ਹਨ
ਸੁੰਦਰ ਪਹਾੜੀ ਦ੍ਰਿਸ਼ਾਂ, ਸੁਰੱਖਿਅਤ ਪੈਦਲ ਯਾਤਰਾਵਾਂ, ਅਤੇ ਇੱਕ ਸਵਾਗਤਯੋਗ ਤੂਫਾਨੀ ਤਲਾਅ ਦੇ ਨਾਲ ਐਂਬਲਰਿਜ ਦੇ ਸੁਹਜ ਦਾ ਅਨੁਭਵ ਕਰੋ। ਵਿਭਿੰਨ ਰਿਹਾਇਸ਼, ਪੈਦਲ ਯਾਤਰੀਆਂ ਲਈ ਅਨੁਕੂਲ ਥਾਵਾਂ, ਅਤੇ ਵਿਸ਼ੇਸ਼ ਛੋਹਾਂ ਦਾ ਆਨੰਦ ਮਾਣੋ ਜੋ ਇਸ ਕਮਿਓਨਿਟੀ ਨੂੰ ਵਿਲੱਖਣ ਬਣਾਉਂਦੇ ਹਨ।
Builders you Trust
Shane Homes
Sterling Homes
Jayman BUILT
Douglas Homes
Broadview Homes
Trico Homes
Homes to Fit Your Lifestyle
Laned Townhomes
Laned Duplexes
Single Family Laned Homes
Single Front Garage Homes
Pond Lots Available
ਘਰ ਵਿੱਚ ਮੂਵ ਹੋਕੇ ਇਸਨੂੰ ਆਪਣਾ ਬਣਾਓ
$2,000 ਦਾ ਆਨੰਦ ਮਾਣੋ
ਪਹਿਲੇ 30 ਖਰੀਦਦਾਰਾਂ ਵਿੱਚ ਸ਼ਾਮਲ ਹੋਵੋ $2,000 ਦਾ ਬੋਨਸ ਪ੍ਰਾਪਤ ਕਰੋ!
ਆਪਣੇ ਨਵੇਂ ਘਰ ਵਿੱਚ ਆਪਣੇ ਦ੍ਰਿਸ਼ਟੀਕੋਣ ਨੂੰ ਜੀਵਨ ਵਿੱਚ ਲਿਆਉਣ ਲਈ ਇਸਨੂੰ ਫਰਨੀਚਰ ਜਾਂ ਲੈਂਡਸਕੇਪਿੰਗ ਲਈ ਵਰਤੋ।
The BRICK Proudly Canadian Since 1971
Blue Grass
* Only the first 30 firm sales in Ambleridge as of July 16, 2025 are eligible. Gift certificates will be provided and redeemable post-possession date.
liveinambleridge.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Semi-Estate Homes
THE PERFECT LANDING STARTS HERE
NEW SHOWHOMES Now Open
ਚੌੜੀਆਂ ਲਾਟਾਂ
ਤਿੰਨ ਗੈਰਾਜ
ਵਾਕਆਊਟ ਘਰ
ਪਹਾੜੀ ਦ੍ਰਿਸ
ਝੀਲ ਦੇ ਕਿਨਾਰੇ ਸਥਿਤ ਚੈਸਟਰਮੇਰ ਸ਼ਹਿਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਨਵੇਂ ਡੌਗ ਪਾਰਕ ਅਤੇ ਇੱਕ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
DAWSON'S LANDING CHESTERMERE
BUNGALOWS
FRONT GARAGE DUPLEXES
FRONT GARAGE HOMES
• Broadview Homes • Sterling Homes • NuVista Homes • Truman • Trico Homes • Genesis Builders
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities